# ਰੇਡੀਓ ਲੜੀਵਾਰ- ਟਿਕਾਊ ਵਿਕਾਸ

## ਕੜੀ-5, ਜਾਗਰੂਕਤਾ **(Awakening)**

## ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(**This episode deals with a gradual realization at the global level that international cooperation is necessary to deal with Sustainability issues. The Earth's environmental, social and economic issues have to be dealt holistically and the larger picture has to be kept in mind. Progress must be similar across the globe because those lagging behind will pull everyone else, back. Resources must be equitably shared and responsibility towards the Earth also shared equally. Towards this end a lot of global action has been taken. This episode looks at some of the important global consensus and goals.**)**

### ਪਾਤਰ

ਧਰਤੀ (ਇਸਤਰੀ ਸੂਤਰਧਾਰ)
ਪੁਰਸ਼ ਸੂਤਰਧਾਰ
ਅਧਿਆਪਕ : ਇੱਕ ਔਰਤ ਅਧਿਆਪਕ
ਰਵੀ: ਵਿਦਿਆਰਥੀ, ਨੌਵੀਂ ਜਮਾਤ ਦਾ
ਰੀਟਾ: ਰਵੀ ਦੀ ਭੈਣ ਉਮਰ 12 ਸਾਲ,
ਸੁਨੀਤਾ: ਸਕੂਲ ਦੀ ਪੁਰਾਣੀ ਵਿਦਿਆਰਥਣ, ਇੱਕ ਖੋਜੀ
ਮਾਂ: ਰਵੀ ਤੇ ਰੀਟਾ ਦੀ ਮਾਂ ਟਿਕਾਊ ਵਿਕਾਸ, ਸਵੈ ਸੇਵਿਕਾ

### ਸੁਰੂਆਤੀ ਐਲਾਨ

(ਸਿਰਲੇਖ ਗੀਤ ਦੇ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਜਾਗਰੂਕਤਾ**

**(ਸੰਗੀਤ…)**

**ਐਲਾਨ**: ਇਹ ਅਕਾਸ਼ਵਾਣੀ ਜਲੰਧਰ ਹੈ ਸਾਡੇ ਲੜੀਵਾਰ "ਟਿਕਾਊ ਵਿਕਾਸ" ਦੀ ਚੌਥੀ ਕੜੀ **"ਕਿੰਨੀ ਕੁ ਹੈ ਲੋੜ ਸਾਡੀ"** ਤੋਂ ਬਅਦ ਸਾਡੇ ਕਲਾਕਾਰ, ਅੱਜ ਪੇਸ਼ ਕਰਨ ਜਾ ਰਹੇ ਹਨ ਅਗਲੀ ਕੜੀ **"ਜਾਗਰੂਕਤਾ"** !

**ਔਰਤ ਸੂਤਰਧਾਰ**: ਜੀ ਆਇਆਂ ਨੂੰ ਜੀ ਆਪ ਸੱਭ ਨੂੰ ! ਸੁਆਗਤ ਹੈ ਤਹਿ ਦਿਲੋਂ ਸਾਡੇ ਸ੍ਰੋਤਿਆਂ ਦਾ ! ...... ਵਿਦਿਆਰਥੀਆਂ ਦਾ, ਅਧਿਆਪਕਾਂ ਦਾ, ਬੱਚਿਆਂ ਦਾ, ਸਾਰਿਆਂ ਦਾ ਲੜੀਵਾਰ "ਟਿਕਾਊ ਵਿਕਾਸ" ਦੀ ਪੰਜਵੀ ਕੜੀ **"ਜਾਗਰੂਕਤਾ"** ਦੇ ਵਿੱਚ !

**ਮਰਦ ਸੂਤਰਧਾਰ**: ਪਿਛਲੀ ਕੜੀ ਵਿੱਚ ਤੁਸੀਂ ਸੁਣਿਆ ਸੀ ਨਾਟਕ , "ਕਿੰਨੀ ਕੁ ਹੈ ਲੋੜ ਸਾਡੀ" ਸੁਣੀ ਸੀ ਵਿਥਿਆ ਕਿ ਕਿਵੇਂ "ਵਰਤੋ ਤੇ ਸੁਟੋ" ਵਾਲਾ, ਬੇਲੋੜੀ ਖਪਤ ਵਾਲਾ, ਵਿਕਾਸ ਦਾ ਮਾਡਲ ਤੇ ਸਭਿਆਚਾਰ, ਮਾਰ ਰਿਹਾ ਹੈ ਵਦਾਣੀ ਸੱਟ, ਸਾਡੇ ਕੁਦਰਤੀ ਵਸੀਲਿਆਂ ਤੇ ?

**ਔਰਤ ਸੂਤਰਧਾਰ**: ਸੁਣਾਈ ਸੀ ਗਾਥਾ ਕਿ ਕਿਵੇਂ ਸਾਡਾ 'ਲੋੜ ਅਨੁਸਾਰ ਵਰਤੋ' - ਯਾਣੀ ਘੱਟ ਵਰਤੋ, ਮੁੜ-ਮੁੜ ਵਰਤੋ

ਤੇ ਪੁਨਰ ਚਕਰੀਕਰਨ ਕਰਕੇ ਵਰਤੋ' ਵਾਲਾ ਸਮਾਜ ਸੀ ਕੁਦਰਤ ਨਾਲ ਇਕਸੁਰਤਾ ਵਾਲਾ ! ਸੁਣਾਈ ਸੀ ਕਹਾਣੀ ਕਿ ਕਿਵੇਂ ਕੁਦਰਤੀ ਸ੍ਰੋਤਾਂ ਨੂੰ ਬਚਾਉਣ ਦੀ ਧਾਰਣਾ ਵਾਲੇ ਸਮਾਜ ਨੂੰ ਖਤਮ ਕਰਕੇ ਇੱਕ ਕੁਦਰਤ ਵਿਰੋਧੀ ਸਮਾਜ ਸਿਰਜਿਆ ਜਾ ਰਿਹਾ ਹੈ ?

**ਮਰਦ ਸੂਤਰਧਾਰ**: ਕਿਵੇਂ ਦੁਨੀਆਂ ਦੇ 20% ਉਪਰਲੇ ਅਮੀਰ ?

**ਔਰਤ ਸੂਤਰਧਾਰ**: ਵਰਤ ਰਹੇ ਨੇ 76.6% ਸ੍ਰੋਤ;

**ਮਰਦ ਸੂਤਰਧਾਰ**: ਬਾਕੀ 80% ਨੂੰ ਮਿਲਦੇ ਨੇ ਚੌਥਾ ਹਿਸਾ ਤੋਂ ਵੀ ਘੱਟ !

**ਔਰਤ ਸੂਤਰਧਾਰ**:ਤੇ ਨਿਚਲੇ 20% ਨੂੰ ਗੁਜਰ ਬਸਰ ਕਰਨੀ ਪੈਂਦੀ ਹੈ

**ਮਰਦ ਸੂਤਰਧਾਰ**: ਕੇਵਲ ਡੇਢ ਪ੍ਰਤੀਸ਼ਤ ਸ੍ਰੋਤਾਂ ਦੇ ਸਹਾਰੇ ਹੀ ।

**ਔਰਤ ਸੂਤਰਧਾਰ**: ਇਹ ਕਾਣੀ ਵੰਡ ਐ ਪੱਛਮੀ ਕਾਰਪੋਰੇਟ ਵਿਕਾਸ ਮਾਡਲ ਦੀ ਦੇਣ! ਇਸ ਨੇ ਤਾਂ ਪੈਦਾ ਕਰ ਦਿੱਤਾ ਹੈ ਖਤਰਾ ਇਸ ਧਰਤ ਗ੍ਰਹਿ ਦੀ ਹੋਂਦ ਨੂੰ ਹੀ ।

**ਮਰਦ ਸੂਤਰਧਾਰ**: ਹਾਂ ਜੀ ਇਹੀ ਤਾਂ ਨੀਤੀਆਂ ਨੇ,

**ਔਰਤ ਸੂਤਰਧਾਰ**: ਖਿੱਚ ਕੇ ਲਿਆ ਰਹੀਆਂ ਨੇ ਜੋ ਪ੍ਰਲੋ ਨੂੰ !

**ਮਰਦ ਸੂਤਰਧਾਰ**: ਕਰਕੇ ਕੁਦਰਤੀ ਸ੍ਰੋਤਾਂ ਦਾ ਬੇਲੋੜਾ ਦੋਹਨ ਆਪਣੀਆਂ ਫਜੂਲ ਖਪਤਕਾਰ ਆਦਤਾਂ ਰਾਹੀਂ !

**ਔਰਤ ਸੂਤਰਧਾਰ**: ਦੱਸਿਆ ਸੀ ਕਿ ਰੋਕ ਸਕਦੇ ਨੇ ਇਨ੍ਹਾਂ ਵਿਨਾਸਕਾਰੀ ਨੀਤੀਆਂ ਨੂੰ ਲੋਕਾਂ ਦੇ ਸਮੂਹਿਕ ਯਤਨ ਹੀ !

**ਮਰਦ ਸੂਤਰਧਾਰ**: ਲਿਆ ਸਕਦੇ ਨੇ ਬਦਲਾਅ ਵੀ ਨੀਤੀਗਤ ਪੱਧਰ ਦੇ ਇਹ ਲੋਕ ਘੋਲ ਹੀ !

**ਔਰਤ ਸੂਤਰਧਾਰ**: ਤੇ ਹੁਣ ਅਸੀਂ ਹੋ ਰਹੇ ਹਾਂ ਆਪਣੇ ਸ੍ਰੋਤਿਆਂ ਦੇ ਰੂਬਰੂ

**ਮਰਦ ਸੂਤਰਧਾਰ**: ਇਸ ਲੜੀਵਾਰ ਟਿਕਾਊ ਵਿਕਾਸ ਦੀ ਅਗਲੀ ਕੜੀ 'ਜਾਗਰੂਕਤਾ' ਦੇ ਨਾਲ !

**ਔਰਤ ਸੂਤਰਧਾਰ** : ਸੁਣੋ ਤੇ ਸਮਝੋ ਟਿਕਾਊ ਵਿਕਾਸ ਦੀ ਇਸ ਪੰਜਵੀਂ ਕੜੀ , **"ਜਾਗਰੂਕਤਾ" ਦੇ ਵਿੱਚ ਪੇਸ਼ ਕੀਤੀ ਜਾ ਰਹੀ ਕਹਾਣੀ ਨੂੰ !**

**ਸੰਗੀਤ**

**ਐਲਾਨ**: ਲਓ ਜੀ ! ਪੇਸ਼ ਹੈ , ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਨਾਲ , ਆਕਾਸ਼ਵਾਣੀ ਜਲੰਧਰ (ਆਲ ਇੰਡੀਆ ਰੇਡਿਓ) ਵੱਲੋਂ ਵਿਗਿਆਨ ਲੜੀਵਾਰ "ਟਿਕਾਊ ਵਿਕਾਸ" ਦੀ ਪੰਜਵੀਂ ਕੜੀ **"ਜਾਗਰੂਕਤਾ"** !

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਚੱਲ ਰਿਹਾ ਹੈ)**

(ਸਕੂਲ ਦਾ ਹਾਲ ! ਵਿਦਿਆਰਥੀ ਇਕੱਠੇ ਹੋ ਰਹੇ ਨੇ! ਸ਼ੋਰ ਵੀ ਹੈ ! ਬੱਚੇ ਗੱਲਾਂ ਕਰ ਰਹੇ ਨੇ ! ਮਾਈਕ ਦੀ ਅਵਾਜ , ਹੈਲੋ! ਹੈਲੋ ! ਮਾਈਕ ਟੈਸਟਿੰਗ ਹੈਲੋ ! )

**ਅਧਿਆਪਕ**: ਬੱਚਿਓ ਸ਼ੁਭ ਪ੍ਰਭਾਤ ! ਤੁਹਾਡੇ ਮਨਾਂ ਵਿੱਚ ਹੋਵੇਗਾ ਕਿ ਤੁਹਾਨੂੰ ਹਾਲ ਵਿੱਚ ਕਿਉਂ ਗਿਆ ਹੈ ਬੁਲਾਇਆ ?

ਲਓ ਸੁਣੋਂ ! ਦੁਬਿਧਾ ਦੂਰ ਕਰੋ ਮਨ ਲਾਇ ! ਸਾਡੇ ਸਾਰਿਆਂ ਲਈ ਖੁਸ਼ੀ ਦਾ ਮੌਕਾ ਹੈ ਕਿ ਸਾਡੇ ਸਕੂਲ ਦੀ ਪੁਰਾਣੀ ਵਿਦਿਆਰਥਣ , ਮਿਸ ਸੁਨੀਤਾ,ਅੱਜ ਸਾਡੇ ਦਰਮਿਆਨ ਹਨ ! ਇਨ੍ਹਾਂ ਨੂੰ "ਹਰਿਤ ਧਰਤ ਇਨਾਮ" ( ਗਰੀਨ ਗਲੋਬ ਅਵਾਰਡ) ਮਿਲਿਆ ਹੈ । ਇਸ ਸਾਲ ਦਾ ਇਹ ਪੁਰਸਕਾਰ ਇਨ੍ਹਾਂ ਦੇ **'ਟਿਕਾਊ ਵਿਕਾਸ'** ਤੇ ਕੀਤੇ ਕੰਮ ਕਰਕੇ ਮਿਲਿਆ ਹੈ । (ਸਾਰੇ ਮਾਰਦੇ ਨੇ ਤਾੜੀਆਂ !........... )

**ਰੀਟਾ:** ਹਾਂ ਜੀ ! ਅੱਜ ਕੱਲ ਧਰਤੀ ਨੂੰ ਖਤਰੇ ਦੀਆਂ ਗੱਲਾਂ ਤਾਂ ਆਮ ਹੀ ਹੋ ਰਹੀਆਂ ਨੇ !

**ਰਵੀ:** ਤੇ ਟਿਕਾਊ ਵਿਕਾਸ ਦੀ ਚਰਚਾ ਵੀ ਤਾਂ ਹੋ ਹੀ ਰਹੀ ਹੈ ਚਾਰੇ ਪਾਸੇ!

**ਅਧਿਆਪਕ** : ਬੱਚਿਓ! ਮੈਨੂੰ ਉਮੀਦ ਹੈ ਕਿ ਤੁਹਾਨੂੰ ਸੱਭ ਨੂੰ ਗਿਆਨ ਹੈ ਕਿ **ਟਿਕਾਊ ਵਿਕਾਸ** ਤੋਂ ਸਾਡਾ ਭਾਵ ਹੈ ਆਉਣ ਵਾਲੀਆਂ ਪੀੜੀਆਂ ਦੇ ਹਿਤਾਂ ਨੂੰ ਚੋਟ ਪਹੁੰਚਾਏ ਬਗੈਰ ਆਪਣੀਆਂ ਵਰਤਮਾਨ ਲੋੜਾਂ ਦੀ ਪੂਰਤੀ ਲਈ ਵਿਕਾਸ !

**ਰੀਟਾ:** ਮੈਮ! ਕੀ ਇਨ੍ਹਾਂ ਵਿੱਚ ਸਾਡੀਆਂ ਬੱਚਿਆਂ ਦੀਆਂ ਲੋੜਾਂ ਵੀ ਸ਼ਾਮਲ ਨੇ ?

**ਅਧਿਆਪਕ** : ਹਾਂ ! ਕਿਉਂ ਨਹੀਂ ! ਟਿਕਾਊ ਵਿਕਾਸ ਵਿੱਚੋਂ ਬੱਚੇ ਲੋਗ ਮਨਫੀ ਕਿਵੇਂ ਹੋ ਸਕਦੇ ਨੇ !

**ਰਵੀ:** ਤੇ ਭਵਿੱਖ ਦੀਆਂ ਪੀੜ੍ਹੀਆਂ ਵਿੱਚ ਸ਼ਾਮਲ ਹੋਣਗੇ ਤੁਹਾਡੇ ਪੋਤੀਆਂ ਪੜਪੋਤੀਆਂ-ਪੋਤੇ ਪੜਪੋਤੇ, ਦੋਹਤੀਆਂ ਪੜਦੋਹਤੀਆਂ -ਦੋਹਤੇ ਪੜਦੋਹਤੇ ! (ਹਾਸੇ ਦੀ ਛਣਕਾਰ )

**ਅਧਿਆਪਕ:**ਆਉਣ ਵਾਲੀਆਂ ਸਾਰੀਆਂ ਪੀੜ੍ਹੀਆਂ! ਰੁੱਕ ਕੇ! ਆਉ ਅਸੀਂ ਸੁਨੀਤਾ ਜੀ ਨੂੰ ਜੀ ਆਇਆਂ ਕਹੀਏ !

( ਸਾਰੇ ਬੱਚੇ ਤਾੜੀਆਂ ਮਾਰ ਕੇ ਕਰਦੇ ਨੇ ਸੁਆਗਤ ਸੁਨੀਤਾ ਜੀ ਦਾ )

**ਅਧਿਆਪਕ** : ਸੁਨੀਤਾ ਜੀ! ਆਪਦਾ ਸੁਆਗਤ ਕਰਨ ਵਿੱਚ ਮੈਨੂੰ ਖੁਸ਼ੀ ਪ੍ਰਾਪਤ ਹੋ ਰਹੀ ਹੈ! ਹੁਣ ਅਸੀਂ ਚਾਹਵਾਂਗੇ ਕਿ ਤੁਸੀਂ ਟਿਕਾਊ ਵਿਕਾਸ ਬਾਬਤ ਕੁੱਝ ਗੱਲ ਬਾਤ ਕਰੋ ਸਾਡੇ ਵਿਦਿਆਰਥੀਆਂ ਦੇ ਨਾਲ !

**ਸੁਨੀਤਾ:** ਧੰਨਵਾਦ ਮੈ'ਮ ! ਇਸੇ ਸਕੂਲ ਦੀ ਵਿਦਿਆਰਥਣ ਹੋਣ ਕਰਕੇ ਆਪ ਸੱਭ ਵੱਲੋਂ ਮਿਲਣ ਵਾਲੀਆਂ ਸ਼ੁੱਭ ਕਾਮਨਾਵਾਂ, ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ! ਮੈਂ ਆਪ ਸੱਭ ਤੋਂ ਪਹਿਲਾਂ ਇਸ ਸਕੂਲ ਵਿੱਚ ਆਈ ਤੇ ਮੈਂ ਇਹ ਮਸ਼ਾਲ ਅਗਲੀ ਪੀੜ੍ਹੀ ਨੂੰ ਪਕੜਾ ਕੇ, ਆਪਣਾ ਫਰਜ ਨਿਭਾ ਰਹੀ ਹਾਂ ਤਾਕਿ ਉਹ ਸਕੂਲ ਦਾ ਨਾਮ ਰੌਸ਼ਨ ਕਰਨ !

**ਰਵੀ:** ਆਹੋ ਜੀ ! ਇਹ ਤਾਂ ਟਿਕਾਊ ਵਿਕਾਸ ਵਰਗੀ ਹੀ ਕਹਾਣੀ ਹੈ ! ਟਿਕਾਊ ਵਿਕਾਸ ਵਿੱਚ ਵੀ ਤਾਂ ਜਰੂਰੀ ਹੈ ਕਿ ਵਰਤਮਾਨ ਪੀੜ੍ਹੀਆਂ ਇਹ ਜਿੰਮੇਵਾਰੀ ਨਿਭਾਉਣ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਕੁੱਝ ਨਾ ਕੁੱਝ ਮਿਲਦਾ ਰਹੇ ! (ਸਾਰੇ ਹੱਸਦੇ ਹਨ )

**ਸੁਨੀਤਾ:** ਹਾਂ ! ਇੱਕ ਪੱਖੋਂ ਮੈਨੂੰ ਲਗਦਾ ਹੈ ਕਿ ਤੁਸੀਂ ਠੀਕ ਸਮਝੇ ਹੋ ! ਚਲੋ ! ਕਰੋ ਕੋਈ ਪ੍ਰਸ਼ਨ !

**ਰੀਟਾ:** ਮੈ'ਮ! ਮੈਂ 'ਟਿਕਾਊ ਵਿਕਾਸ' ਸ਼ਬਦ ਨੂੰ ਪਹਿਲਾਂ ਕਦੀ ਨਹੀਂ ਸੁਣਿਆ!ਕੀ ਲੋੜ ਹੈ ਸਾਨੂੰ ਟਿਕਾਊ ਵਿਕਾਸ ਦੀ !

**ਸੁਨੀਤਾ:** ਹਾਂ ਰੀਟਾ! ਤੂੰ ਤਾਂ ਇੱਕ ਮੂਲ ਪ੍ਰਸ਼ਨ ਪੁੱਛਿਆ ਹੈ ! ਅੱਛਾ ਦੱਸ! ਸਾਨੂੰ ਸੱਭ ਵਸਤਾਂ ਕਿੱਥੋਂ ਮਿਲਦੀਆਂ ਨੇ ?

**ਰੀਟਾ:** ਇਸ ਬ੍ਰਹਿਮੰਡ ਵਿੱਚੋਂ , ਇਸ ਧਰਤੀ ਮਾਂ ਦੇ ਕੋਲੋਂ !

**ਸੁਨੀਤਾ:** ਸਾਂਹ ਲਈ ਹਵਾ, ਸੇਕਣ ਲਈ ਧੁੱਪ ਤੇ ਪਾਣੀ ਵਰਗੀਆਂ ਕੁਦਰਤੀ ਦਾਤਾਂ, ਸਾਨੂੰ ਮਿਲਦੀਆਂ ਨੇ ਮੁਫਤ ! ਤੇ

ਬਾਕੀਆਂ ਲਈ ਸਾਨੂੰ ਕਰਨੀ ਪੈਂਦੀ ਹੈ ਮਿਹਨਤ ...... ਫਸਲਾਂ ਉਗਾਉਣ ਲਈ ਕਿਸਾਨ ਕਰਦੇ ਨੇ ਮਿਹਨਤ!

**ਬੱਚੇ** : ਹਾਂ ਜੀ ਇਹ ਤਾਂ ਹੈ ਪੂਰਨ ਸੱਚ !

**ਸੁਨੀਤਾ**: ਮਾਂ ਧਰਤੀ ਜੋ ਸਾਨੂੰ ਦਿੰਦੀ ਹੈ, ਕਹਿੰਦੇ ਨੇ ਇਨ੍ਹਾਂ ਨੂੰ ਸ੍ਰੋਤ ! ਹੈ ਨੇ ਇਹ ਦੋ ਪ੍ਰਕਾਰ ਦੇ !ਇੱਕ ਨੇ ਨਵਿਆਉਣਯੋਗ ਤੇ ਦੂਜੇ ਕਹਾਉਂਦੇ ਨੇ ਨਾ- ਨਵਿਆਉਣਯੋਗ!

**ਬੱਚੇ** : ਨਵਿਆਉਣਯੋਗ ਤੇ ਨਾ- ਨਵਿਆਉਣਯੋਗ ਸ੍ਰੋਤ ਹੁੰਦੇ ਨੇ ਕਿਹੜੇ-ਕਿਹੜੇ ?

**ਅਧਿਆਪਕ**: ਕੁਝ ਸ੍ਰੋਤ ਅਜਿਹੇ ਨੇ ਜਿਨ੍ਹਾਂ ਦੀ ਹੋ ਜਾਂਦੀ ਹੈ ਪੂਰਤੀ ਤੁਰੰਤ, ਪਰਿਆਵਰਣ ਵਿੱਚੋਂ ਹੀ ! ਇਨ੍ਹਾਂ ਨੂੰ ਕਹਿੰਦੇ ਨੇ **ਨਵਿਆਉਣਯੋਗ** !

**ਸੁਨੀਤਾ**: ਤੇ ਕਈ ਸ੍ਰੋਤ ਨੇ ਅਜਿਹੇ ਜਿਨ੍ਹਾਂ ਦੇ ਵਰਤੇ ਜਾਣ ਤੇ ਮੁੜ ਭਰਾਈ ਵਿੱਚ ਲੱਗਦਾ ਹੈ ਬਹੁਤ ਸਾਰਾ ਵਕਤ ! ਮੁੱਕ ਜਾਣ ਜੇ ਇੱਕ ਵਾਰ, ਜਲਦੀ ਨਹੀਂ ਹੁੰਦੀ ਭਰਪਾਈ ਮੁੜ ਕੇ ! ਲੱਗਦੀਆਂ ਨੇ ਸਦੀਆਂ ਤੇ ਸਹੱਸਰਬਦੀਆਂ ! ਕਹਿੰਦੇ ਨੇ ਇਨ੍ਹਾਂ ਨੂੰ , **ਨਾ- ਨਵਿਆਉਣਯੋਗ !**

**ਰਵੀ**: ਮੈ'ਮ ! ਕੁਝ ਉਦਹਾਰਣਾ ਦੇ ਕੇ ਸਮਝਾਂਉਗੇ ਜਰਾ ?

**ਸੁਨੀਤਾ** : ਹਾਂ ! ਜਿਵੇਂ ਸੂਰਜ ਦੀ ਰੌਸ਼ਨੀ ਤੇ ਧੁਪ, ਸੂਰਜੀ ਊਰਜਾ ! ਇਹ ਹੈ ਨਵਿਆਉਣਯੋਗ ਸ੍ਰੋਤ ! ਹੁੰਦੀ ਰਹਿੰਦੀ ਹੈ ਪੂਰਤੀ ਤੁਰਤ-ਫੁਰਤ, ਪੌਣ ਊਰਜਾ ਵੀ ਅਜਿਹਾ ਹੀ ਹੈ ਸ੍ਰੋਤ ! ਇਸੇ ਤਰ੍ਹਾਂ ਫਸਲਾਂ, ਜੀਵਾਂ ਦੀਆਂ ਨਾ-ਨਾ ਪ੍ਰਕਾਰ ਦੀਆਂ ਨਸਲਾਂ ! ਇਹ ਸਾਰੇ ਨੇ ਨਵਿਆਉਣਯੋਗ ਸ੍ਰੋਤ !

**ਅਧਿਆਪਕ** : ਪਰ ਜੇ ਸ਼ਿਕਾਰ ਕਰ-ਕਰ ਕੇ ਕੋਈ ਪ੍ਰਜਾਤੀ ਕਰ ਦਿੱਤੀ ਜਾਵੇ ਖਤਮ , ਨਸ਼ਟ ਕਰ ਦਿੱਤਾ ਜਾਵੇ ਉਸਦਾ ਰੈਣ ਬਸੇਰਾ ! ਤਾਂ ਫਿਰ ਉਹ ਪ੍ਰਜਾਤੀ ਹੋ ਜਾਂਦੀ ਹੈ ਅਲੋਪ ਸਦਾ ਲਈ !

**ਸੁਨੀਤਾ** : ਹਾਂ ਆਧੁਨਿਕ ਵਿਕਾਸ ਦੇ ਮਾਡਲ ਨੇ ਵੀ ਅਲੋਪ ਕਰ ਦਿੱਤੀਆਂ ਨੇ ਬਹੁਤ ਸਾਰੀਆਂ ਪ੍ਰਜਾਤੀਆਂ ਜੀਵਾਂ ਦੀਆਂ ਤੇ ਬਨਸਪਤੀ ਦੀਆਂ ਵੀ ।

**ਅਧਿਆਪਕ** : ਲੱਗ ਗਈ ਹੈ ਢਾਅ ਜੈਵਿਕ ਵੰਨ -ਸੁਵੰਨਤਾ ਨੂੰ ਵੀ !

**ਸੁਨੀਤਾ**: ਅਸੀਂ ਵੇਖਦੇ ਹਾਂ ਕਿ ਪੰਜਾਬ ਵਿੱਚ ਹਰੇ ਇਨਕਲਾਬ ਤੋਂ ਬਾਅਦ ਅਲੋਪ ਹੋ ਗਏ ਟਿੱਬੇ, ਅਲੋਪ ਹੋ ਗਏ ਜੰਡ ਕਰੀਰ ਰੇਰੂ , ਫਰਮਾਂਹ, ਮਰਨ ਕਿਨਾਰੇ ਨੇ ਕਿੱਕਰਾਂ ਤੇ ਬੇਰੀਆਂ ਵੀ !

**ਅਧਿਆਪਕ** : ਹਾਂ ਜੀ ! ਬੇਰ ਚਿਬੜ੍ਹ, ਡੇਲੇ , ਵਾੜੀ ਕਰੇਲੇ ਹੋ ਰਹੇ ਨੇ ਖਤਮ , ਨਹੀਂ ਲੱਭਦੇ ਕੌੜ ਤੁੰਮੇ , ਖਤਮ ਹੋ ਰਹੇ ਨੇ ਚਿੜੀਆਂ ਤਿੱਤਰ ਘੁਗੀਆਂ, ਬਟੇਰਾਂ ਤੇ ਇੱਲ੍ਹਾਂ ਵੀ ।

**ਸੁਨੀਤਾ**: ਅਸੀਂ ਧਰਤੀ ਵਿੱਚੋਂ ਕੱਢ ਲੈਂਦੇ ਹਾਂ ਖਣਿਜ ਤੇ ਕੋਲਾ ! ਖੂਹ ਖੋਦ ਕੇ ਕੱਢ ਲੈਂਦੇ ਹਾਂ ਤੇਲ ਵੀ !

**ਰਵੀ**: ਹੁਣ ਤਾਂ ਮੈ'ਮ ਰੇਤ ਤੇ ਬਜਰੀ ਮਾਫੀਏ ਨੇ ਪੰਜਾਬ ਵਿੱਚੋਂ ਰੇਤਾ ਬਜਰੀ ਦੇ ਖਾਤਮੇ ਦਾ ਵੀ ਬੰਨ੍ਹ ਦਿੱਤਾ ਹੈ ਮੁੱਢ !

**ਰੀਟਾ**: ਆਹੋ ਜੀ ! ਆਹ ਮੁਕੇਰੀਆਂ ਤਲਵਾੜੇ ਦੇ ਲੋਕ ਕਰ ਰਹੇ ਨੇ ਸੰਘਰਸ਼ ਇਨ੍ਹਾਂ ਨੂੰ ਬਚਾਉਣ ਦੇ ਲਈ! ਚੱਕੀ ਦਰਿਆ ਰਿਹਾ ਹੈ ਮਰ !

**ਸੁਨੀਤਾ:** ਅੱਛਾ ! ਇਹ ਦੱਸੋ ਜਦ ਇਹ ਖਣਿਜ ਅਸੀਂ ਖਤਮ ਕਰ ਦਿੱਤੇ ਤਾਂ ਕੀ ਵਾਪਰੇਗਾ ਭਾਣਾ ?

**ਬੱਚੇ:** ਦੁਬਾਰਾ ਨਹੀਂ ਹੋ ਸਕਦੇ ਤਿਆਰ , ਮੁੜ ਕੇ ਨਹੀਂ ਭਰੇ ਜਾਣੇ ਖਣਿਜਾਂ ਦੇ ਇਹ ਭੰਡਾਰ !

**ਰੀਟਾ:** ਹਾਂ ਜੀ ! ਬੱਸ ਇਹੀ ਤਾਂ ਹਨ, ਨਾ- ਨਵਿਆਉਣਯੋਗ ਕੁਦਰਤੀ ਸ੍ਰੋਤ !

**ਅਧਿਆਪਕ :** ਮੁਕਾ ਦਿੱਤੇ ਜਦ ਇਹ ਭੰਡਾਰ ! ਕੀ ਹੋਵੇਗਾ ਫੇਰ ?

**ਰਵੀ:** ਫੇਰ ਵਰਤੇਗਾ ਕਹਿਰ ? ਤਰਸ ਜਾਣਗੇ ਰੇਤੇ ਬਜਰੀ ਨੂੰ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ !

**ਰੀਟਾ:** ਫੇਰ ਤਾਂ ਅਸੀਂ ਸਾਰੇ ਮਰ ਜਾਵਾਂਗੇ ????????

(ਇੱਕ ਪਲ ਵਾਸਤੇ ਛਾ ਜਾਂਦਾ ਹੈ ਸਨਾਟਾ )

...............**ਦ੍ਰਿਸ਼ ਬਦਲਾਅ ਸੰਗੀਤ**.........

**ਪਰਦਾ**

(ਸੁਨੀਤਾ ਦੀ ਆਵਾਜ ਤੋੜਦੀ ਹੈ ਇਸ ਸਨਾਟੇ ਨੂੰ !)

**ਸੁਨੀਤਾ:** ਵਾਪਰੇਗਾ ਕੀ ? ਮੈਂ ਤੁਹਾਨੂੰ ਇੱਕ ਝਲਕੀ ਵਿਖਾਉਂਦੀ ਹਾਂ ! **"ਇਹ ਹੈ ਮਾਂ ਧਰਤੀ ਦਾ ਬਿਆਨ ! ਸੁਣੋ ਤੁਸੀ ਸਾਰੇ ਨਾਲ ਧਿਆਨ !"**

**ਔਰਤ ਸੂਤਰਧਾਰ:** ( ਧਰਤੀ ਮਾਂ ) ਪਹਿਲੀ ਵਾਰ ਜਦ ਮਨੁੱਖ ਨੇ ਮੇਰੇ ਉਪਰ ਪੈਰ ਧਰੇ ਤਾਂ ਇਹ ਅੰਦਾਜ਼ਾ ਹੀ ਨਹੀਂ ਸੀ ਕਿ ਸਾਲ 2100 ਤੱਕ ਇਨ੍ਹਾਂ ਦੀ ਨਫਰੀ ਟੱਪ ਜਾਏਗੀ 1000 ਕਰੋੜ ਤੋਂ ਵੀ ਉੱਪਰ!

**ਮਰਦ ਸੂਤਰਧਾਰ:** ਅਜੇ ਤਾਂ ਮਾਂ ਧਰਤੀ ਨੇ ਕੇਵਲ ਮਨੁੱਖਾਂ ਬਾਬਤ ਹੀ ਦੱਸਿਆ ਹੈ ! ਬਾਕੀ ਜੀਵ ਜੰਤੂਆਂ ਦੀ ਤਾਂ ਗੱਲ ਅਜੇ ਸੁਰੂ ਹੀ ਨਹੀਂ ਕੀਤੀ !

**ਔਰਤ ਸੂਤਰਧਾਰ:** (ਧਰਤੀ ਮਾਂ) ਮੈਨੂੰ ਇਨ੍ਹਾਂ ਸਾਰੇ ਇਨਸਾਨਾਂ ਲਈ ਕਰਨਾ ਪਵੇਗਾ ਪ੍ਰਬੰਧ ਰੋਟੀ ਕਪੜਾ ਤੇ ਮਕਾਨ ਦਾ ! ਯਾਣੀ ਗੁੱਲੀ ਜੁੱਲੀ ਤੇ ਕੁੱਲੀ ਦਾ !

**ਮਰਦ ਸੂਤਰਧਾਰ:**ਇਹ ਮਨੁੱਖ ਨੇ ਮੁਸਾਫਰ! ਜਾਂਦੇ ਨੇ ਇੱਕ ਤੋਂ ਦੂਜੀ ਥਾਂ ! ਲੋੜ ਹੈ ਸ੍ਰੋਤਾਂ ਦੀ ਇਸ ਸਫਰ ਵਾਸਤੇ ਵੀ !

**ਔਰਤ ਸੂਤਰਧਾਰ:** ( ਧਰਤੀ ਮਾਂ ) ਪਰ ਇਹ ਸਾਰੇ ਮਨੁੱਖ ਤੇ ਸਾਰੇ ਦੇਸ ਨਹੀਂ ਇੱਕੋ ਜਿਹੇ ਸੁਭਾਅ ਵਾਲੇ !

**ਮਰਦ ਸੂਤਰਧਾਰ:** ਕਈ ਨੇ ਭੁੱਖੜ ਤੇ ਲਾਲਚੀ ! ਕਬਜਾ ਜਮਾਉਂਦੇ ਨੇ ਆਪਣੀ ਲੋੜ ਤੋਂ ਵੱਧ ਸ੍ਰੋਤਾਂ ਤੇ !

ਆਹ ਵੇਖ ਲਓ ਵੰਡਣ ਵੇਲੇ ਹੁੰਦਾ ਹੈ ਕੀ ?

( ਮੈਨੂੰ...... ਮੈਨੂੰ...... ਮੈਨੂੰ......ਮਿਲ ਤਾਂ ਗਿਆ ......... ਹੋਰ......... ਹੋਰ.........ਹੋਰ

**ਔਰਤ ਸੂਤਰਧਾਰ:** ( ਧਰਤੀ ਮਾਂ ) ਕਈ ਕਰਦੇ ਨੇ ਫਾਲਤੂ ਉਜਾੜਾ !

ਕਰਦੇ ਨੇ ਵਰਤੋਂ ਬੇਹੱਦ ,

ਨਹੀਂ ਰਖਦੇ ਕੋਈ ਸੰਜਮ !

ਰਹਿੰਦੇ ਨੇ ਹਾਬੜੇ ਹਰ ਵਕਤ! ( ਵਾਰ-ਵਾਰ ਪਾਣੀ ਡੋਲ੍ਹਣ ਦੀਆਂ ਧੁਨੀਆਂ )

**ਮਰਦ ਸੂਤਰਧਾਰ:** ਕਈ ਨੇ ਬੇਸਮਝ !

ਨਹੀਂ ਸਰਾਹ ਸਕਦੇ ਧਰਤੀ ਮਾਂ ਦੀਆਂ ਦਾਤਾਂ ਨੂੰ !

**ਔਰਤ ਸੂਤਰਧਾਰ:** (ਧਰਤੀ ਮਾਂ) ਪਰ ਬੇਅੰਤ ਨੇ ਅਜਿਹੇ ਵੀ,ਜਿਨ੍ਹਾਂ ਦੀ ਨਹੀਂ ਕੋਈ ਪਹੁੰਚ ਮੇਰੀਆਂ ਇਨ੍ਹਾਂ ਅਨਮੋਲ ਦਾਤਾਂ ਤੱਕ !

**ਮਰਦ ਸੂਤਰਧਾਰ:** ( ਸਿਸਕੀਆਂ ......ਮੈਨੂੰ ਭੁੱਖ ਲੱਗੀ ਹੈ ਰੋਟੀ ਨਹੀਂ ਖਾਣ ਨੂੰ ,

ਮੈਨੂੰ ਠੰਢ ਲੱਗ ਰਹੀ ਹੈ , ਮੇਰੇ ਕੋਲ ਨਹੀਂ ਹੈ ਕਪੜਾ ਤਨ ਢਕਣ ਨੂੰ ਵੀ )

**ਔਰਤ ਸੂਤਰਧਾਰ:** (ਧਰਤੀ ਮਾਂ) ਮਨੁੱਖੀ ਨਫਰੀ ਵਧ ਰਹੀ ਹੈ , ਝੱਲਿਆ ਨਹੀਂ ਜਾਂਦਾ ਮੈਥੋਂ ਐਨਾ ਭਾਰ ! ਡੋਲਣ ਲੱਗ ਗਈ ਹੈ ਮੇਰੀ ਕਾਇਆ !

**ਮਰਦ ਸੂਤਰਧਾਰ:** ਪਰ ਇਹ ਇਨਸਾਨ ਬੁਧੀਮਾਨ ਵੀ ਨੇ ! ਕਈਆਂ ਨੂੰ ਤਾਂ ਇਸ ਸੰਕਟ ਦੀ ਸਮਝ ਵੀ ਗਈ ਹੈ ਆ !

**ਔਰਤ ਸੂਤਰਧਾਰ:** ( ਧਰਤੀ ਮਾਂ ) ਹਾਂ ! ਸਮਝ ਤਾਂ ਆ ਗਈ ! ਪਰ ਮੈਨੂੰ ਹੈ ਲੋੜ ਫੋਰੀ ਮਦਦ ਦੀ ! ਕਰੋ ਕੋਈ ਉਪਾਅ ਮੇਰੇ ਪੁੱਤਰੋ ਜਲਦੀ ਤੋਂ ਜਲਦੀ , ਬਚਾਓ ਮੈਨੂੰ ਇਸ ਬਿਪਤਾ ਤੋਂ ! ( ਸਿਸਕੀਆਂ ਦੀਆਂ ਧੁਨੀਆਂ )

**ਬੱਚੇ :** ਧਰਤੀ ਮਾਂ ਤਾਂ ਐਨੀ ਜਿਆਦਾ ਉਦਾਸ ਹੋ ਗਈ ! ਕੀ ਕਰੀਏ ਅਸੀਂ ?

**ਮਰਦ ਸੂਤਰਧਾਰ:** ਬਚਾਓ...... ਬਚਾਓ...... ਬਚਾਓ.........ਜਲਦੀ ...... ਜਲਦੀ...... ਜਲਦੀ......... ਬਚਾਓ...... ਬਚਾਓ...... ਬਚਾਓ ਇਸ ਧਰਤੀ ਨੂੰ ! ਇਸ ਡੋਲਦੀ ਧਰਤੀ ਨੂੰ !

**ਅਧਿਆਪਕ :** ਸੰਕਟ ਹੈ ਗਹਿਰਾ ! ਸੰਕਟ ਹੈ ਵਿਕਰਾਲ ! ਪਰ ਹੱਲ ਇਸਦਾ ਸਕਦਾ ਹੈ ਹੋ !

**ਬੱਚੇ :** ਅੱਛਾ ਜੀ ! ਹੋ ਸਕਦਾ ਐ ਹੱਲ ! ਇਸ ਸੰਕਟ ਦਾ ਹੱਲ ?

**ਸੁਨੀਤਾ:** ਹਾਂ! ਕਰਨੇ ਪੈਣੇ ਨੇ ਸਾਂਝੇ ਯਤਨ ਧਰਤੀ ਦੇ ਸਾਰੇ ਵਾਸਿੰਦਿਆਂ ਨੂੰ ਇੱਕ ਜੁੱਟ ਹੋ ਕੇ! ਅਸੀਂ ਵੀ ਕਰ ਸਕਦੇ ਹਾਂ ਮਦਦ ਇਸ ਕਾਰਜ ਦੇ ਵਿੱਚ !

**ਬੱਚੇ:** ਅਸੀਂ ਵੀ ਮਦਦ ਕਰ ਸਕਦੇ ਹਾਂ ? ਪਰ ਕੀ ? ਕੀ ? ਕੀ ?

**ਸੁਨੀਤਾ:** ਹਾਂ ! ਗੱਲਾਂ ਤਿੰਨ ਦਾ ਸਾਨੂੰ ਰੱਖਣਾ ਪਵੇਗਾ ਗਿਆਨ , ਜੇ ਚਾਹੁੰਦੇ ਹਾਂ ਅਸੀਂ ਸਕੰਟ ਦਾ ਸਮਾਧਾਨ ! ਕਰਨਾ ਪਵੇਗਾ ਟਿਕਾਊ ਵਿਕਾਸ ਵੱਲ ਧਿਆਨ !

**ਬੱਚੇ:** ਕਿਹੜੀਆਂ ਨੇ ਉਹ ਗੱਲਾਂ ਤਿੰਨ, ਜਿਨ੍ਹਾਂ ਦਾ ਰੱਖੀਏ ਅਸੀਂ ਗਿਆਨ ?

**ਸੁਨੀਤਾ:** ਪਹਿਲਾ ਹੈ ਸਮਾਜਕ ਮੁਦਿਆਂ ਤੇ ਗਿਆਨ , ਦੂਜੇ ਵੇਖਣੇ ਪੈਣੇ ਨੇ ਆਰਥਕ ਪ੍ਰਾਵਾਧਾਨ ਤੇ ਤੀਜੇ ਹੈ ਪਰਿਆਵਰਣ ਦਾ ਸਨਮਾਨ ! ਇਹ ਹੈ ਤਿਪਾਈ ਟਿਕਊ ਵਿਕਾਸ ਦੀ, ਤਿੰਨ ਥੰਮ੍ਹ ਨੇ ਜਿਸ ਦੇ ਇੱਕ ਸਮਾਨ , ਮੰਗਦੇ ਨੇ

ਹਰ ਇੱਕ ਦਾ ਧਿਆਨ !

**ਰਵੀ:** ਹੁਣ ਸਮਝ ਆਇਆ ਕਿ ਸਮਾਜਕ, ਆਰਥਕ ਤੇ ਪਰਿਆਵਰਣ ਦੇ ਤਿੰਨ ਮੁੱਦੇ ਨੇ ਟਿਕਾਊ ਵਿਕਾਸ ਦੀ ਢਾਲ !

**ਸੁਨੀਤਾ:**ਹਾਂ! ਠੀਕ ਸਮਝਿਆ ਹੈ ਤੂੰ! ਇੱਕ ਵਾਰੀ ਸੋਚ ਕੇ ਵੇਖੋ ਭਲਾ ਕਿੰਨਾ ਹੈ ਜਰੂਰੀ ਇਨ੍ਹਾਂ ਤਿੰਨਾਂ ਥੰਮ੍ਹਾਂ ਦਾ ਸੰਤੁਲਨ! ਵਿਗੜ ਗਿਆ ਜਾ ਹੋ ਗਿਆ ਕਮਜੋਰ ਜੇ ਇੱਕ ਵੀ ਥੰਮ੍ਹ, ਢਹਿ ਢੇਰੀ ਹੋ ਜਾਵੇਗੀ ਇਹ ਤਿਪਾਈ !

**ਬੱਚੇ :** ਮੈ'ਮ ! ਇਨ੍ਹਾਂ ਤਿੰਨ ਥੰਮ੍ਹਾਂ ਤੇ ਧਿਆਨ ਕੇਂਦਰਤ ਕਰਨ ਵਾਸਤੇ ਸੰਸਥਾਵਾਂ ਕਿਹੜੀਆਂ ਨੇ ?

**ਸੁਨੀਤਾ:** ਕਈ ਨੇ ਰਾਸਟਰੀ ਤੇ ਅੰਤਰ-ਰਾਸਟਰੀ ਸੰਸਥਾਵਾਂ!ਸੰਯੁਕਤ ਰਾਸਟਰ ਪਰਿਆਵਰਣ ਪ੍ਰੋਗਰਾਮ ਅਤੇ ਕਈ ਦੇਸਾਂ ਦੀਆਂ ਪਰਿਆਵਾਰਣ ਸੁਰੱਖਿਆ ਏਜੈਂਸੀਆਂ, ਆਪਣੇ ਯਤਨਾਂ ਨੂੰ ਪਰਿਆਵਰਣ ਦੇ ਥੰਮ੍ਹ ਤੇ ਹੀ ਕਰਦੀਆਂ ਨੇ ਕੇਂਦਰਤ !

**ਅਧਿਆਪਕ :** ਸੰਸਾਰ ਵਪਾਰ ਸੰਸਥਾ ਦਾ ਧਿਆਨ ਰਹਿੰਦਾ ਹੈ ਆਰਥਕ ਵਿਕਾਸ ਤੇ !

**ਸੁਨੀਤਾ:**ਆਰਥਕ ਸਹਿਯੋਗ ਤੇ ਵਿਕਾਸ ਸੰਸਥਾ ਦਾ ਕੇਂਦਰ ਬਿੰਦੂ ਹੈ ਆਰਥਕ ਵਿਕਾਸ।ਸਮਾਜਕ ਟਿਕਾਊਪਣ ਤੇ ਵੀ ਇਹ ਦਿੰਦੀ ਹੈ ਧਿਆਨ।ਸਮਾਜਕ ਟਿਕਾਊਪਨ ਦੇ ਲਈ, ਜੰਗਾਂ ਨੂੰ ਘਟਾਉਣ ਤੇ ਇਨਸਾਫ ਦੇਣ ਵੱਲ ਹੈ ਇਸਦੀ ਤਵਜੋ।

**ਅਧਿਆਪਕ:** ਸੰਯੁਕਤ ਰਾਸਟਰ ਸੰਘ ਤਾਂ ਤਿੰਨੇ ਦੇ ਤਿੰਨੇ ਥੰਮ੍ਹਾਂ ਤੇ ਕਰਦਾ ਹੈ ਧਿਆਨ ਕੇਂਦਰਤ!

**ਸੁਨੀਤਾ:** ਅਜੇ ਤੱਕ ਕੋਈ ਇੱਕ ਸੰਸਥਾ ਤਾਂ ਵਿਕਸਤ ਨਹੀਂ ਹੋਈ, ਟਿਕਾਊ ਵਿਕਾਸ 'ਤੇ ਸਮੁੱਚਾ ਕੰਮ ਕਰਨ ਦੇ ਲਈ।

**ਅਧਿਆਪਕ:** ਹੌਲੀ-ਹੌਲੀ ਅੰਤਰ ਰਾਸਟਰੀ ਪੱਧਰ ਤੇ ਸਹਿਮਤੀ ਬਣ ਰਹੀ ਹੈ! ਹੋ ਸਕਦਾ ਹੈ ਇਸ ਨਾਲ ਸੰਸਾਰ ਪੱਧਰ ਤੇ ਕੋਈ ਇੱਕ ਸੰਸਥਾ ਬਣ ਜਾਵੇ !

**ਰੀਟਾ:** ਇੱਕ ਸੰਸਥਾ ਦੀ ਅਣਹੋਂਦ ਵਿੱਚ ਵੱਖ-ਵੱਖ ਮੁਲਕ ਇੱਕ ਮੰਚ ਤੇ ਇਕੱਠੇ ਕਿਵੇਂ ਹੁੰਦੇ ਨੇ ?

**ਰਵੀ:** ਹਾਂ ਮੈ'ਮ ! ਅਮੀਰ ਮੁਲਕਾਂ ਦਾ ਤਾਂ ਕੁਦਰਤੀ ਸ੍ਰੋਤਾਂ ਪ੍ਰਤੀ ਨਜ਼ਰੀਆ ਹੀ ਵੱਖਰਾ ਹੈ! ਉਹ ਤਾਂ ਵੱਧ ਤੋਂ ਵੱਧ ਕੱਢਣ , ਵੱਧ ਤੋਂ ਵੱਧ ਉਤਪਾਦਨ, ਵੱਧ ਤੋਂ ਵੱਧ ਖਪਤ ਤੇ ਵੱਧ ਤੋਂ ਵੱਧ ਸੁੱਟਣ ਵਿੱਚ ਵਿਸ਼ਵਾਸ਼ ਰਖਦੇ ਨੇ !

**ਸੁਨੀਤਾ:** ਹਾਂ ! ਪਰ ਗਰੀਬ ਮੁਲਕਾਂ ਦਾ ਨਜ਼ਰੀਆ ਅਮੀਰ ਮੁਲਕਾਂ ਤੋਂ ਵੱਖਰਾ ਹੈ , ਕਿਉਂ ਜੋ ਬਹੁਤੇ ਵਾਰੀ ਗਰੀਬਾਂ ਦਾ ਤਾਂ ਉਨ੍ਹਾਂ ਸ੍ਰੋਤਾਂ ਨੂੰ ਹੱਥ ਹੀ ਨਹੀਂ ਪੈਂਦਾ ਜਿਨ੍ਹਾਂ ਦੀ ਲੋੜ ਹੁੰਦੀ ਹੈ ਉਨ੍ਹਾਂ ਨੂੰ ਬਹੁਤ ਹੀ ਜਰੂਰੀ !

**ਰਵੀ:** (ਬੈਚੈਨੀ ਤੇ ਆਕ੍ਰੋਸ਼ ਨਾਲ) ਲੱਗਦਾ ਤਾਂ ਨਹੀਂ ਕਿ ਅਮੀਰ ਮੁਲਕ ਤੇ ਵਿਕਾਸਸ਼ੀਲ ਮੁਲਕ ਕਿਸੇ ਸਾਂਝੇ ਪ੍ਰੋਗਰਾਮ 'ਤੇ ਸਹਿਮਤ ਹੋ ਜਾਣਗੇ ।

**ਅਧਿਆਪਕ:** ਰਵੀ ! ਬੇਚੈਨ ਨਾ ਹੋ ! ਇਸ ਤਰ੍ਹਾਂ ਤਾਂ ਵਿਕਾਸਸ਼ੀਲ ਮੁਲਕਾਂ ਵਿਚਲੇ ਅਮੀਰ ਵੀ ਅਜਿਹੇ ਪ੍ਰੋਗਰਾਮ ਤੇ ਸਹਿਮਤ ਨਹੀਂ ਹੋਣਗੇ ! ਉਹ ਵੀ ਤਾਂ ਅਮੀਰ ਮੁਲਕਾਂ ਦੀ ਅਯਾਸੀ ਵਾਲੀ ਜੀਵਣਸ਼ੈਲੀ ਦੇ ਹੀ ਧਾਰਣੀ ਨੇ !

**ਬੱਚੇ:** ਪਰ ਉਨ੍ਹਾਂ ਨੂੰ ਤਾਂ ਦੇਸ਼ ਦਾ ਕਾਨੂੰਨ ਮੰਨਣਾ ਪੈਂਦਾ ਹੈ ਜੀ !

**ਅਧਿਆਪਕ:** ਬੱਸ! ਇਸੇ ਤਰ੍ਹਾਂ ਅੰਤਰ ਰਾਸਟਰੀ ਪੱਧਰ ਤੇ ਇਸ ਧਰਤ ਗ੍ਰਹਿ ਨੂੰ ਦਰਪੇਸ਼ ਖਤਰਿਆਂ ਨੂੰ ਘਟਾਉਣ ਲਈ ਅਮੀਰ ਮੁਲਕਾਂ ਨੂੰ ਵੀ ਘੱਟੋ ਘੱਟ ਸਹਿਮਤੀ ਬਣਾਉਣੀ ਪੈਂਦੀ ਹੈ! ਵਿਅਕਤੀਗਤ ਸੋਚ ਨੂੰ ਸਮੂਹਿਕ ਸੋਚ ਅੱਗੇ ਝੁਕਣਾ ਹੀ ਪੈਂਦਾ ਹੈ । ਟਿਕਾਊ ਵਿਕਾਸ ਦੇ ਲਈ ਇਹ ਕਰਨਾ ਹੀ ਪੈਣਾ ਹੈ ।

**ਸੁਨੀਤਾ:** ਤੁਹਾਡੇ ਖਦਸ਼ੇ ਜਾਇਜ ਨੇ ! ਪਰ ਅੰਤਰ ਰਾਸਟਰੀ ਪੱਧਰ ਤੇ ਟਿਕਾਊ ਵਿਕਾਸ ਦੇ ਯਤਨ ਪਿਛਲੇ 45 ਸਾਲ ਤੋਂ ਤਾਂ ਹੋ ਹੀ ਰਹੇ ਹਨ ! ਮਨੁੱਖੀ ਪਰਿਆਵਰਣ 'ਤੇ ਪਹਿਲਾ ਅੰਤਰਰਾਸਟਰੀ ਸੰਮੇਲਨ 5 ਤੋਂ 16 ਜੂਨ ਤੱਕ 1972 ਵਿੱਚ ਸਟਾਕਹੋਮ , ਸਵੀਡਨ ਵਿੱਚ ਹੋਇਆ । ਦੋ ਦੇਸਾਂ ਦੇ ਮੁਖੀਆਂ ਨੇ ਇਸ ਵਿੱਚ ਸ਼ਮੂਲੀਅਤ ਕੀਤੀ !

**ਅਧਿਆਪਕ:** ਸਵੀਡਨ ਦੇ ਸ੍ਰੀ ਓਡਲਫ ਪਾਮੇ ਤੇ ਭਾਰਤ ਦੀ ਸ੍ਰੀਮਤੀ ਇੰਦਰਾ ਗਾਂਧੀ ! ਸਾਡਾ ਦੇਸ਼ ਤਾਂ ਮੋਹਰੀਆਂ ਵਿੱਚੋਂ ਹੈ ! ਇਹ ਪਹਿਲਾ ਸੰਮੇਲਨ ਸੀ ਜਿਸ ਨੇ ਧਰਤ ਗ੍ਰਹਿ ਉਤੇ ਪਰਿਆਵਰਣ ਦੀ ਸਥਿਤੀ 'ਤੇ ਧਿਆਨ ਕੇਂਦਰਤ ਕੀਤਾ !

(ਬੱਚੇ ਤਾੜੀਆਂ ਮਾਰਦੇ ਨੇ )

**ਸੁਨੀਤਾ:** ਇਸ ਸੰਮੇਲਨ ਨੇ ਪਰਿਆਵਰਣ ਦੀ ਅੰਤਰਰਾਸਟਰੀ ਸਾਂਝ ਦੇ ਖਾਸੇ ਨੂੰ ਦਰਸਾਇਆ, ਲੋਕਾਂ ਨੂੰ ਵਿਕਾਸ ਤੇ ਪਰਿਆਵਰਣ ਦੇ ਅੰਤਰਸਬੰਧਾਂ ਬਾਬਤ ਸੋਚਣ ਲਗਾ ਦਿੱਤਾ ।

**ਅਧਿਆਪਕ:** ਤਦ ਤੋਂ ਸੰਸਾਰ ਇਸ ਸਥਿਤੀ ਬਾਬਤ ਬਹੁਤ ਹੀ ਸਚੇਤ ਹੋ ਗਿਆ! ਸੰਯੁਕਤ ਰਾਸਟਰ ਪਰਿਆਵਰਣ ਪ੍ਰੋਗਰਾਮ ਸਥਾਪਤ ਕੀਤਾ ਗਿਆ ।

**ਸੁਨੀਤਾ:** ਇਸ ਪਲੇਠੇ ਸੰਮੇਲਨ ਦੀ ਵੱਡੀ ਪ੍ਰਾਪਤੀ ਸੀ ਕਿ ਦੋ ਦਹਾਕੇ ਬਾਅਦ ਸੰਯੁਕਤ ਰਾਸਟਰ ਸੰਘ ਵੱਲੋਂ 1992 ਵਿੱਚ ਰੀਓ ਡੀ ਜਨੈਰੋ ਵਿਖੇ ਬੁਲਾਏ ਪਰਿਆਵਰਣ ਤੇ ਵਿਕਾਸ ਸੰਮੇਲਣ ਵਿੱਚ 100 ਦੇਸਾਂ ਦੇ ਨੁਮਾਇੰਦੇ ਸ਼ਾਮਲ ਹੋਏ ।

**ਅਧਿਆਪਕ:** ਵੇਖਿਆ ਬੱਚਿਓ! ਕਿਵੇਂ 20 ਸਾਲ ਦੇ ਅਰਸੇ ਵਿੱਚ ਹੀ ਲੋਕਾਂ ਨੇ ਆਪਣੇ-ਆਪਣੇ ਦੇਸਾਂ ਬਾਬਤ ਸੋਚਦੇ ਹੋਏ ਪੂਰੇ ਧਰਤ ਗ੍ਰਹਿ ਬਾਬਤ ਵੀ ਸੋਚਨਾ ਸੁਰੂ ਕਰ ਦਿੱਤਾ ।

**ਸੁਨੀਤਾ:** ਇਹ ਸੰਭਵ ਹੋਇਆ ਇਸ ਕਰਕੇ ਕਿ ਸਾਨੂੰ ਪਤਾ ਚੱਲ ਗਿਆ ਕਿ ਅਸੀਂ ਹਵਾ, ਤੇ ਪਾਣੀ ਵਿੱਚ ਲਕੀਰਾਂ ਖਿੱਚ ਕੇ ਉਨ੍ਹਾਂ ਨੂੰ ਵੰਡ ਨਹੀਂ ਸਕਦੇ । ਮਲੀਨਤਾ ਤਾਂ ਦੇਸਾਂ ਦੀਆਂ ਹੱਦਾਂ ਨੂੰ ਵੀ ਪਾਰ ਕਰ ਜਾਂਦੀ ਹੈ ।

**ਅਧਿਆਪਕ:** ਅੰਤਰ ਰਾਸਟਰੀ ਪੱਧਰ ਦਾ ਇਹ ਪਹਿਲਾ ਯਤਨ ਸੀ, ਟਿਕਾਊ ਵਿਕਾਸ ਦੇ ਲਈ ਕਾਰਜ ਯੋਜਨਾ ਤੇ ਯੁੱਧਨੀਤੀ ਤਹਿ ਕਰਨ ਦਾ ।

**ਰਵੀ:** ਹਾਂ ਜੀ ! ਇਸੇ ਸੰਮੇਲਨ ਦੌਰਾਨ ਤਾਂ ਫੈਸਲਾ ਹੋਇਆ ਸੀ ਜੈਵਿਕ ਵੰਨ ਸੁਵੰਨਤਾ 'ਤੇ ਸੰਮੇਲਨ ਕਰਨ ਦਾ !

**ਸੁਨੀਤਾ:** ਦਰਅਸਲ ਸਭ ਤੋਂ ਪਹਿਲਾਂ ਭਾਰਤ ਨੇ ਹੀ ਜੈਵਿਕ ਵੰਨ ਸੁਵੰਨਤਾ ਦੀ ਸੁਰੱਖਿਆ ਪ੍ਰਤੀ ਸਹਿਮਤੀ ਜਤਾਈ ਸੀ ।

**ਰਵੀ:** ਹਾਂ ਜੀ ! ਭਾਰਤ ਨੇ ਜੈਵਿਕ ਵੰਨ ਸੁਵੰਨਤਾ ਦੀ ਟਿਕਾਊ ਰੂਪ ਵਿੱਚ ਵਰਤੋਂ ਕਰਨ ਲਈ ਤੇ ਗੁਣਸੂਤਰ ਸ੍ਰੋਤਾਂ ਤੋਂ ਹੋਣ ਵਾਲੇ ਫਾਇਦਿਆਂ ਦੀ ਸਾਵੀਂ ਤੇ ਨਿਆਸੰਗਤ ਵੰਡ ਨੂੰ ਸੁਨਿਸਚਿਤ ਕਰਨ ਬਾਬਤ ਵੀ ਸਹਿਮਤੀ ਜਤਾਈ ਸੀ ।

**ਅਧਿਆਪਕ:** ਜੇ ਪ੍ਰਜਾਤੀਆਂ ਅਲੋਪ ਹੋ ਗਈਆਂ ਤਾਂ ਕੁਦਰਤੀ ਸ੍ਰੋਤਾਂ ਨੂੰ ਵੀ ਹੋ ਜਾਵੇਗਾ ਖਤਰਾ! ਟਿਕਾਊ ਵਿਕਾਸ ਤਾਂ ਨਿਰਭਰ ਹੀ ਐ ਕੁਦਰਤੀ ਸ੍ਰੋਤਾਂ 'ਤੇ !

**ਸੁਨੀਤਾ:** ਪੌਦਿਆਂ ਤੇ ਜਾਨਵਰਾਂ ਦੀ ਗੁਣ-ਸੂਤਰੀ ਸਮੱਗਰੀ ਹੀ ਤਾਂ ਹੈ ਸਾਡੀ ਖੇਤੀਬਾੜੀ, ਦਵਾ-ਦਾਰੂ ਤੇ ਜੈਵ-ਤਕਨਾਲੋਜੀ ਦਾ ਨੀਂਹ ਦਾ ਪੱਥਰ !

**ਰਵੀ:**ਕਈ ਵਾਰ ਤਾਂ ਅਸੀਂ ਅਲੋਪ ਹੋਣ ਵਾਲੀ ਪ੍ਰਜਾਤੀ ਤੋਂ ਮਿਲਣ ਵਾਲੇ ਲਾਭਾਂ ਦੇ ਗਿਆਨ ਤੋਂ ਵੀ ਹੁੰਦੇ ਹਾਂ ਕੋਰੇ !

**ਰੀਟਾ:** ਅਸੀਂ ਕਿਹੜਾ ਸਾਰੀਆਂ ਪ੍ਰਜਾਤੀਆਂ ਦਾ ਸਾਰੇ ਦਾ ਸਾਰਾ ਗਿਆਨ ਸਹੇਜ ਲਿਆ ਹੈ ?

**ਅਧਿਆਪਕ:** ਅਲੋਪ ਹੋਣ ਤੇ ਉਨ੍ਹਾਂ ਪ੍ਰਜਾਤੀਆਂ ਤੋਂ ਭਵਿੱਖ ਵਿੱਚ ਹੋਣ ਵਾਲੇ ਲਾਭ ਵੀ ਹੋ ਜਾਂਦੇ ਨੇ ਖਤਮ!

**ਸੁਨੀਤਾ:**ਸੰਸਾਰ ਨੇ ਪਹਿਲੀ ਵਾਰ ਮਹਿਸੂਸ ਕੀਤਾ ਹੈ ਕਿ ਜੈਵਿਕ ਭਿੰਨਤਾ ਦੀ ਸੁਰੱਖਿਆ, ਮਨੁਖਤਾ ਦਾ ਸਾਂਝਾ ਮੁੱਦਾ ਹੈ ।

**ਰਵੀ:** ਤੇ ਵਿਕਾਸ ਪ੍ਰਕਿਰਿਆ ਦਾ ਵੀ ਹੈ ਇਹ ਇੱਕ ਅਤੁਟ ਅੰਗ !

(ਤਾੜੀਆਂ ...ਸੰਗੀਤ ......)

**ਅਧਿਆਪਕ** : ਇਨ੍ਹਾਂ ਦੋ ਦਹਾਕਿਆਂ ਦੌਰਾਨ ਬਹੁਤ ਸਾਰੀਆਂ ਸੰਧੀਆਂ ਹੋਈਆਂ! ਜਿਵੇਂ 1978 ਵਿੱਚ ਵੱਡੀਆਂ ਝੀਲਾਂ ਦੇ ਪਾਣੀ ਦੀ ਗੁਣਵਤਾ ਦਾ ਸਮਝੌਤਾ,1979 ਵਿੱਚ ਸਰਹੱਦਾਂ ਪਾਰ ਹਵਾ ਮਲੀਨਤਾ ਬਾਬਤ ਜਨੇਵਾ ਸੰਮੇਲਨ,1985 ਦਾ ਹੈਲਿੰਸਕੀ ਸਮਝੌਤਾ, 1989 ਦਾ ਮੌਂਟਰੀਅਲ ਖਰੜਾ ਤੇ 1989 ਦਾ ਸਰਹੱਦਾਂ ਪਾਰ ਜ਼ੋਖਮ ਪੂਰਨ ਕੂੜ-ਕਬਾੜ ਦੀ ਢੋ-ਢੁਆਈ 'ਤੇ ਬੇਸਲ ਸੰਮੇਲਨ!

**ਸੁਨੀਤਾ:** ਟਿਕਾਊ ਵਿਕਾਸ ਦਾ ਤਾਂ ਸ਼ਬਦ ਹੀ ਪਹਿਲੀ ਵਾਰ 1987 ਵਿੱਚ ਆਇਆ !

**ਰਵੀ:** ਇਹ ਤਾਂ ਮੁਕਾਬਲਤਨ ਨਵਾਂ ਸ਼ਬਦ ਹੈ , ਬੇਸ਼ੱਕ ਇਸਦੀ ਧਾਰਣਾ 'ਕਾਲ' ਤੋਂ ਮੁਕਤ ਹੈ !

**ਸੁਨੀਤਾ:**ਹਾਂ!ਸੰਯੁਕਤ ਰਾਸਟਰ ਸੰਘ ਦੀ ਜਨਰਲ ਅਸੈਂਬਲੀ ਨੇ ਪਰਿਆਵਰਣ ਤੇ ਵਿਕਾਸ ਬਾਰੇ ਸੰਸਾਰ ਕਮਿਸ਼ਨ ਸਥਾਪਤ ਕੀਤਾ। ਕਮਿਸ਼ਨ ਦੀ ਰਿਪੋਰਟ ਵਿੱਚ ਕਿਹਾ ਹੈ ਕਿ ਵਕਤ ਆ ਗਿਆ ਹੈ ਅਰਥਚਾਰੇ ਤੇ ਪਰਿਆਵਰਣ ਦੇ ਸੁਮੇਲ ਦਾ ! ਇਸੇ ਕਮਿਸ਼ਨ ਨੇ ਪਹਿਲੀ ਵਾਰ ਵਰਤਿਆ ਸ਼ਬਦ 'ਟਿਕਾਊ ਵਿਕਾਸ' ।

(ਹੜਬੜਾਹਟ ! ਵਿਦਿਆਰਥੀਆ ਦਾ ਆਪਸੀ ਵਾਰਤਾਲਾਪ ! ਉਚੀਆਂ ਅਵਾਜਾਂ !)

**ਸੁਨੀਤਾ:** ਤੁਹਾਨੂੰ ਹੈਰਾਨੀ ਹੋ ਰਹੀ ਹੈ ਕਿ ਆਰਥਕਤਾ ਤੇ ਪਰਿਆਵਰਣ ਦਾ ਆਪਸੀ ਸਬੰਧ ਕਿਵੇਂ ਹੋ ਸਕਦਾ ਹੈ?

**ਸਾਰੇ ਬੱਚੇ** : ਹਾਂ ਜੀ !

**ਸੁਨੀਤਾ:** ਵਸਤਾਂ ਦਾ ਉਤਪਾਦਨ, ਢੋ ਢੁਆਈ, ਖਪਤ ਤੇ ਨਿਪਟਾਰਾ, ਇਹ ਸਾਰੇ ਕਰਦੇ ਨੇ ਪ੍ਰਭਾਵਤ ਪਰਿਆਵਰਣ ਨੂੰ ! ਫੋਕਟ ਵੀ ਹੁੰਦਾ ਹੈ ਪੈਦਾ, ਇਨ੍ਹਾਂ ਗਤੀਵਿਧੀਆਂ ਦੌਰਾਨ ।

**ਰਵੀ:** ਹੁਣ ਸਮਝ ਆਇਆ ! ਆਰਥਕ ਵਿਕਾਸ, ਵਸਤਾਂ ਦੀ ਖਪਤ ਅਤੇ ਪਰਿਆਵਰਣ ਵਿਚਕਾਰ ਸਿੱਧਾ ਸੰਬੰਧ !

**ਸੁਨੀਤਾ:** ਪਰਿਵਾਰਣੀ ਸਰੋਕਾਰਾਂ ਤੋਂ ਸੱਖਣਾ ਆਰਥਕ ਵਿਕਾਸ ਪਹੁੰਚਾ ਸਕਦਾ ਹੈ ਵੱਡਾ ਨੁਕਸਾਨ ਇਸ ਧਰਤ ਨੂੰ !

**ਰਵੀ:**ਸਕੂਲ ਆਉਂਦੇ ਹੋਏ ਮੈਂ ਇੱਕ ਕਾਰਖਾਨੇ ਨੂੰ ਵੇਖਦਾ ਹਾਂ ਧੂੰਆਂ ਉਗਲਦੇ ਹੋਏ ! ਸਾਡੇ ਕਈ ਗੁਆਂਢੀਆਂ ਨੂੰ ਸਾਂਹ ਦੀ ਤਕਲੀਫ ਹੋ ਗਈ! ਮੇਰੀ ਮਾਂ ਖਿੜਕੀਆਂ ਬੰਦ ਰੱਖਦੀ ਹੈ ਤੇ ਪਰਿਆਵਰਣ ਦੀ ਮਲੀਨਤਾ ਬਾਬਤ ਬੋਲਦੀ ਰਹਿੰਦੀ ਹੈ !

**ਅਧਿਆਪਕ:** ਪਿਛਲੀ ਅੱਧੀ ਸਦੀ ਦੌਰਾਨ ਧਰਤੀ ਦੇ ਪਰਸਿਥਿਤਿਕ ਤੰਤਰ ਦੇ 60% ਹਿੱਸੇ ਨੂੰ ਹੋਇਆ ਹੈ ਗੰਭੀਰ ਨੁਕਸਾਨ, 2040 ਤੱਕ ਕੁਦਰਤੀ ਸ੍ਰੋਤਾਂ ਦੀ ਖਪਤ ਵੱਧ ਕੇ ਧਰਤੀ ਦੀ ਜੈਵ - ਸਮਰੱਥਾ ਤੋਂ ਪੈਣੇ ਦੋ ਗੁਣਾ (170% ) ਤੱਕ ਹੋ ਜਾਣ ਦੇ ਅਨੁਮਾਨ ਹਨ !

**ਸੁਨੀਤਾ:** ਚਲੋ ! ਟਿਕਾਊ ਵਿਕਾਸ ਲਈ ਸੰਸਾਰ ਪੱਧਰ 'ਤੇ ਉਠਾਏ ਜਾ ਰਹੇ ਕਦਮਾਂ ਬਾਬਤ ਹੋਰ ਖੋਜ ਕਰਨੀ !

ਬੱਚੇ: ਧੰਨਵਾਦ ਮੈ'ਮ !

………………………………………**ਦ੍ਰਿਸ਼ ਬਦਲਾਅ ਸੰਗੀਤ**………………………………

(ਰਵੀ ਤੇ ਰੀਟਾ ਸਕੂਲੋਂ ਘਰ ਜਾ ਰਹੇ ਨੇ!ਭੀੜ ਵਾਲੀ ਸੜਕ ਤੇ ਸ਼ੋਰ, ਬਸਾਂ ਦੇ ਹਾਰਨ, ਬਰੇਕ ਲੱਗਣ ਦੀਆਂ ਅਵਾਜਾਂ !)

**ਰੀਟਾ:** ਪਾਪਾ ਕਹਿੰਦੇ ਨੇ ਅਮਰੀਕਾ ਤੇ ਯੂਰਪ ਵਿਕਸਤ ਮੁਲਕ ਨੇ ! ਉਥੋਂ ਦੇ ਲੋਕ ਅਮੀਰ ਨੇ, ਉਹ ਸਮਾਨ ਦੀ ਵੀ ਵੱਧ ਵਰਤੋਂ ਕਰਦੇ ਹੋਣਗੇ !

**ਰਵੀ:** ਨਹੀਂ ਰੀਟਾ ! ਐਨਾ ਸੌਖਾ ਨਹੀਂ ਇਸ ਤਿਲਸਮ ਨੂੰ ਸਮਝਣਾ!

**ਰੀਟਾ** : ਕੀ ਵਿਕਸਤ ਮੁਲਕ ਜਿਆਦਾ ਸ੍ਰੋਤਾਂ ਦੀ ਵਰਤੋਂ ਨਹੀਂ ਕਰਦੇ ?

**ਰਵੀ:** ਨਹੀਂ ! ਇਹ ਤਾਂ ਸੱਚ ਹੀ ਹੈ ਕਿ ਜਿਆਦਾ ਅਮੀਰੀ ਵੱਧ ਵਰਤੋਂ ਵੱਲ ਨੂੰ ਧੱਕਦੀ ਹੈ!

**ਰੀਟਾ:** (ਰੋਂਦੇ ਹੋਏ) ਜਿਆਦਾ ਪੈਸਾ, ਜਿਆਦਾ ਖਰਚ, ਇਸ ਤਰ੍ਹਾਂ ਤਾਂ ਸਾਰੇ ਕੁਦਰਤੀ ਸ੍ਰੋਤ ਹੀ ਅਸੀਂ ਮੁਕਾ ਦਿਆਂਗੇ !

**ਰਵੀ:** ਐਨੀ ਦੁਖੀ ਨਾ ਹੋ ! ਸਾਰੀ ਦੁਨੀਆਂ ਦਾ ਬੋਝ ਐਵੇਂ ਨਾ ਚੁੱਕ ਆਪਣੇ ਮੋਢਿਆ 'ਤੇ ! ਸੁਣਿਆ ਨਹੀਂ ਕਿ ਵਿਚਾਰ ਵਟਾਂਦਰਾ ਹੋ ਰਿਹਾ ਹੈ ਸੰਸਾਰ ਪੱਧਰ ਤੇ ਟਿਕਾਊ ਵਿਕਾਸ ਦੇ ਬਾਬਤ ! ਆਹ ਖਾਲੀ ਕਾਰਟੂਨਾਂ ਤੋਂ ਬਚ ਕੇ ਚੱਲ ਜਰਾ !

………………………………………**ਦ੍ਰਿਸ਼ ਬਦਲਾਅ ਸੰਗੀਤ**………………………………

(ਰਵੀ ਦਾ ਘਰ, ਪੜ੍ਹਨ ਦਾ ਕਮਰਾ, ਰਵੀ ਆਪਣਾ ਲੈਪਟਾਪ ਖੋਲ੍ਹਦਾ ਹੈ )

**ਰਵੀ** : ਆ ਰੀਟਾ! ਆਪਾਂ ਗੂਗਲ ਤੇ ਵੇਖੀਏ ਟਿਕਾਊ ਵਿਕਾਸ ਬਾਬਤ !

**ਰੀਟਾ** : ਆਹ ਆ ਗਿਆ !

**ਰਵੀ:**ਸਤੰਬਰ 2000 ਵਿੱਚ ਸਹਸਰਬਦੀ ਸਿਖਰ ਸੰਮੇਲਨ ਹੋਇਆ!ਇਸ ਵਿੱਚ ਅੰਤਰਰਾਸਟਰੀ ਪੱਧਰ 'ਤੇ 8 ਟੀਚੇ ਸਨ!

**ਰੀਟਾ** : ਆਓ ਵੇਖੀਏ ਕੀ-ਕੀ ਸਨ ਉਹ 8 ਟੀਚੇ ?

**ਰਵੀ:** ਅੱਤ ਦੀ ਗਰੀਬੀ ਤੇ ਭੁਖਮਰੀ ਦਾ ਖਾਤਮਾ ,

**ਰੀਟਾ** : ਸਾਰਿਆਂ ਲਈ ਮੁਢਲੀ ਸਿਖਿਆ ,

**ਰਵੀ:** ਲਿੰਗ ਬਰਾਬਰੀ ਤੇ ਔਰਤਾਂ ਦੀ ਪੁੱਗਤ,

**ਰੀਟਾ** : ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ !

**ਰਵੀ:** ਮਾਵਾਂ ਦੀ ਸਿਹਤ ਦਾ ਸੁਧਾਰ !

**ਰੀਟਾ** : ਏਡਜ਼ , ਮਲੇਰੀਆ ਤੇ ਹੋਰ ਬਿਮਾਰੀਆਂ ਦਾ ਮੁਕਾਬਲਾ !

**ਰਵੀ:** ਪਰਿਆਵਰਣ ਦਾ ਟਿਕਾਊਪਣ ਯਕੀਨੀ ਬਣਾਉਣਾ !

**ਰੀਟਾ** : ਵਿਕਾਸ ਲਈ ਆਲਮੀ ਸ਼ਾਂਝ ਵਿਕਸਤ ਕਰਨਾ !

**ਮਾਂ:** ਵੇ ਰਵੀ ! ਓ ਰੀਟਾ ! ਕੀ ਕਰਨ ਡਹੇ ਓ ? ਖੇਡਣ ਨਹੀਂ ਜਾਣਾ ਅੱਜ ?

**ਰਵੀ ਤੇ ਰੀਟਾ** : ਮਾਂ ਅਸੀਂ ਟਿਕਾਊ ਵਿਕਾਸ ਬਾਬਤ ਸਕੂਲ ਦਾ ਕੰਮ ਕਰ ਰਹੇ ਹਾਂ !

**ਮਾਂ:** ਤਾਂ ਤੁਸੀਂ ਸਹਸਰਬਦੀ ਵਿਕਾਸ ਟੀਚਿਆਂ ਦੀ ਗੱਲ ਕਰ ਰਹੇ ਓ ! ਜਿਹੜੇ ਪੂਰੇ ਕਰਨੇ ਸਨ 2015 ਤੱਕ ! ਹੁਣ ਤਾਂ 25 ਸਤੰਬਰ 2015 ਨੂੰ ਕਈ ਮੁਲਕਾਂ ਨੇ 2030 ਦੇ ਟੀਚੇ ਮਿਥ ਲਏ ਨੇ !

**ਰਵੀ ਤੇ ਰੀਟਾ** : ਤਾਂ ਕੀ ਪਿਛਲੇ 15 ਸਾਲਾਂ ਵਿੱਚ ਨਹੀਂ ਹੋਇਆ ਕੁੱਝ ਵੀ ਇਸ ਦਿਸ਼ਾ ਵਿੱਚ ?

**ਮਾਂ:** ਨਹੀਂ ਅਜਿਹਾ ਨਹੀਂ ! ਹੋਇਆ ਹੈ ਕਾਫੀ ਕੁੱਝ ! ਅੱਤ ਦੀ ਗਰੀਬੀ ਵਿੱਚ ਰਹਿਣ ਵਾਲਿਆਂ ਦੀ ਗਿਣਤੀ ਘਟੀ ਹੈ, ਬੱਚਾ ਮੌਤ ਦਰ ਘਟੀ ਹੈ , ਔਸਤ ਉਮਰ ਵਧੀ ਹੈ , ਪੀਣ ਦੇ ਸਾਫ ਪਾਣੀ ਤੇ ਪਖਾਨਿਆਂ ਤੱਕ ਪਹੁੰਚ ਵਧੀ ਹੈ !

**ਰੀਟਾ:** ਮਾਂ ! ਮੈਨੂੰ ਤਾਂ ਸਮਝ ਨਹੀਂ ਪੈਂਦਾ ! ਜੇ ਐਨਾ ਕੁੱਝ ਹੋ ਗਿਆ ਤਾਂ 2030 ਦੀ ਕੀ ਲੋੜ ਹੈ ?

**ਮਾਂ:** ਸਾਰੇ ਦੇਸਾਂ ਦੀਆਂ ਪ੍ਰਾਪਤੀਆਂ ਇਕਸਾਰ ਨਹੀਂ ! ਇੱਕ ਦੇਸ ਵਿੱਚ ਵੀ ਸਾਰੇ ਇਲਾਕਿਆਂ ਦੀਆਂ ਪ੍ਰਾਪਤੀਆਂ ਵਿੱਚ ਸਮਾਨਤਾ ਨਹੀਂ ! ਦਿਹਾਤੀ ਇਲਾਕਿਆਂ ਤੇ ਸ਼ਹਿਰੀ ਬਸਤੀਆਂ ਵਿੱਚ ਪ੍ਰਾਪਤੀਆਂ ਘੱਟ ਹੋਈਆਂ ਨੇ !

**ਰਵੀ:** ਮਾਂ! ਸ਼ਹਿਰੀ ਬਸਤੀਆਂ ਦਾ ਤਾਂ ਬੁਰਾ ਹਾਲ ਐ ! ਕਿੰਨੇ ਹੀ ਅਜੇ ਵੀ ਨੇ ਬੇਘਰੇ , ਸੌਂਦੇ ਨੇ ਰੇਲਵੇ ਪਲੇਟਫਾਰਮਾਂ ਤੇ ਜਾਂ ਪੁਲਾਂ ਦੇ ਨੀਚੇ ! ਧੇਲਾ ਨੀ ਪੱਲੇ ਉਨ੍ਹਾਂ ਦੇ, ਮੰਗ ਪਿੰਨ ਕੇ ਕਰਦੇ ਨੇ ਗੁਜਾਰਾ !

**ਮਾਂ:**ਗਰੀਬੀ ਕੇਵਲ ਸ੍ਰੋਤਾਂ ਜਾਂ ਆਮਦਨ ਦੀ ਹੀ ਥੁੜ ਨਹੀਂ! ਇਸ ਵਿੱਚ ਸ਼ਾਮਲ ਨੇ, ਮੂਲ਼ ਸੁਵਿਧਾਵਾਂ ਤੱਕ ਪਹੁੰਚ ਨਾ ਹੋਣਾ , ਵਿਦਿਆ ਤੱਕ ਪਹੁੰਚ ਦੀ ਕਮੀ, ਭੁੱਖਮਰੀ, ਸਮਾਜਕ ਵਿਤਕਰਾ , ਫੈਸਲੇ ਕਰਨ ਦੇ ਅਮਲ ਵਿੱਚੋਂ ਬਾਹਰ ਧੱਕਣਾ!

**ਰਵੀ:** 1992 ਵਿੱਚ ਹੋਇਆ ਰੀਓ ਡੀ ਜਨੈਰੋ ਵਿੱਚ ਸੰਮੇਲਨ ਤੇ ਫਿਰ 2012 ਵਿੱਚ ਰੀਓ ਡੀ ਜਨੈਰੋ ਵਿੱਚ ਹੀ ਹੋਇਆ ਸੀ ਮੁੜ ਇੱਕ ਸੰਮੇਲਨ ਜਿੱਥੇ ਮਿਥੇ ਗਏ 17 ਟੀਚੇ ਟਿਕਾਊ ਵਿਕਾਸ ਦੇ !

**ਰੀਟਾ** : ਅੱਛਾ ! ਆਓ ! ਲਿਖ ਦਿੰਦੇ ਹਾਂ !

**ਰਵੀ:** ਹਰ ਥਾਂ ਤੋਂ ਹਰ ਪ੍ਰਕਾਰ ਦੀ ਗਰੀਬੀ ਦਾ ਖਾਤਮਾ !

**ਰੀਟਾ:**ਭੁੱਖਮਰੀ ਦਾ ਖਾਤਮਾ, ਭੋਜਨ ਸੁਰੱਖਿਆ ਪ੍ਰਾਪਤੀ, ਪੋਸ਼ਣ ਵਿੱਚ ਸੁਧਾਰ, ਟਿਕਾਊ ਖੇਤੀਬਾੜੀ ਨੂੰ ਉਤਸ਼ਾਹਤ ਕਰਨਾ

**ਰਵੀ:** ਸਿਹਤਮੰਦ ਜੀਵਣ ਤੇ ਹਰ ਉਮਰ ਦੀ ਤੰਦਰੁਸਤੀ ਯਕੀਨੀ ਬਣਾਉਣਾ!

**ਰੀਟਾ** : ਸੱਭ ਦੀ ਸ਼ਮੂਲੀਅਤ ਵਾਲੀ ਬਰਾਬਰਤਾ ਅਤੇ ਗੁਣਵਤਾ ਭਰਪੂਰ ਸਿਖਿਆ, ਤਾ ਜਿੰਦਗੀ ਸਿਖਣ ਦੇ ਮੌਕੇ !

**ਰਵੀ:** ਪਾਣੀ ਤੇ ਟੱਟੀਆਂ ਦਾ ਸਾਰਿਆਂ ਲਈ ਟਿਕਾਊ ਪ੍ਰਬੰਧ !

**ਰੀਟਾ** : ਪਹੁੰਚ ਵਾਲੀ, ਭੋਰੋਸੇਯੋਗ, ਟਿਕਾਊ ਤੇ ਆਧੁਨਿਕ ਊਰਜਾ, ਸੱਭ ਲਈ !

**ਰਵੀ:** ਸੱਭ ਦੀ ਸ਼ਮੂਲੀਅਤ ਵਾਲਾ ਟਿਕਾਊ ਆਰਥਕ ਵਿਕਾਸ , ਸੱਭ ਲਈ ਪੂਰਨ ਰੁਜਗਾਰ ਤੇ ਕਰਨਯੋਗ ਕੰਮ !

**ਰੀਟਾ:**ਲਚਕੀਲੇ ਆਧਾਰਭੂਤ ਢਾਂਚੇ ਦੀ ਉਸਾਰੀ,ਸੱਭ ਦੀ ਸ਼ਮੂਲੀਅਤ ਵਾਲਾ ਕਾਢਾਂ ਭਰਪੂਰ ਟਿਕਾਊ ਉਦਯੋਗਿਕ ਵਿਕਾਸ

**ਰਵੀ:** ਦੇਸਾਂ ਦੀ ਅੰਦਰੂਨੀ ਅਸਮਾਨਤਾ ਅਤੇ ਵੱਖ-ਵੱਖ ਦੇਸਾਂ ਵਿਚਕਾਰ ਆਪਸੀ ਅਸਮਾਨਤਾ ਘਟਾਉਣਾ !

**ਰੀਟਾ** : ਸ਼ਹਿਰਾਂ ਤੇ ਮਨੁੱਖੀ ਰੈਣ ਬਸੇਰਿਆਂ ਨੂੰ ਸ਼ਮੂਲੀਅਤ ਵਾਲੇ ,ਸੁਰੱਖਿਅਤ , ਲਚਕੀਲੇ ਤੇ ਟਿਕਾਊ ਬਣਾਉਣਾ !

**ਰਵੀ**: ਟਿਕਾਊ ਉਤਪਾਦਨ ਤੇ ਟਿਕਾਊ ਖਪਤ ਵੰਨਗੀਆਂ ਯਕੀਨੀ ਬਣਾਉਣਾ !

**ਰੀਟਾ** : ਜਲਵਾਯੂ ਵਿੱਚ ਬਦਲਾਅ ਤੇ ਉਸਦੇ ਪ੍ਰਭਾਵ ਨੂੰ ਘਟਾਉਣ ਲਈ ਕਾਰਵਾਈਆਂ ਕਰਨੀਆਂ !

**ਰਵੀ**: ਟਿਕਾਊ ਵਿਕਾਸ ਲਈ ਸਾਗਰਾਂ ਤੇ ਸਮੁੰਦਰੀ ਸ੍ਰੋਤਾਂ ਦੀ ਸੁਰੱਖਿਆ !

**ਰੀਟਾ** : ਧਰਤੀ ਦੇ ਪ੍ਰਸਿਥਿਤਿਕ ਤੰਤਰ ਦੀ ਸੁਰੱਖਿਆ , ਜੰਗਲਾਂ ਦਾ ਟਿਕਾਊ ਪ੍ਰਬੰਧ, ਜੰਗਲਾਂ ਦੀ ਕਟਾਈ ਦਾ ਮੁਕਾਬਲਾ , ਜ਼ਮੀਨ ਦੇ ਬੰਜਰ ਹੋਣ ‘ਤੇ ਅਤੇ ਜੈਵਿਕ ਵੰਨ ਸੁਵੰਨਤਾ ਦੇ ਖਾਤਮੇ ਤੇ ਰੋਕ !

**ਰਵੀ**: ਟਿਕਾਊ ਵਿਕਾਸ ਲਈ ਸ਼ਾਂਤਮਈ ਸਰਗਰਮ ਸ਼ਮੂਲੀਅਤ ਵਾਲੇ ਸਮਾਜਾਂ ਨੂੰ ਵਿਕਸਿਤ ਕਰਨਾ , ਸਾਰਿਆਂ ਨੂੰ ਇਨਸਾਫ, ਪ੍ਰਭਾਵਸ਼ਾਲੀ ਸ਼ੱਭ ਦੀ ਸ਼ਮੂਲੀਅਤ ਵਾਲੀਆਂ , ਜਵਾਬਦੇਹੀ ਵਾਲੀਆਂ ਸੰਸਥਾਵਾਂ ਦਾ ਵਿਕਾਸ !

**ਰੀਟਾ**:ਟਿਕਾਊ ਵਿਕਾਸ ਲਈ ਆਲਮੀ ਸਾਂਝੇਦਾਰੀ ਦੀ ਪੁਨਰ ਸੁਰਜੀਤੀ ਤੇ ਲਾਗੂ ਕਰਨ ਦੇ ਸਾਧਨਾਂ ਨੂੰ ਤਕੜਾ ਕਰਨਾ!

**ਰਵੀ**: ਟਿਕਾਊ ਵਿਕਾਸ 2030 ਦੇ ਟੀਚਿਆਂ ਵਿੱਚ ਸੱਭ ਕੁੱਝ ਸ਼ਾਮਲ ਹੈ, ਗਰੀਬੀ ਦਾ ਖਾਤਮਾ, ਗੁਣਵਤਾ ਵਾਲੀ ਸਿਖਿਆ ਤੇ ਲਿੰਗਕ ਬਰਾਬਰੀ ।

**ਰੀਟਾ** : ਭੁੱਖਮਰੀ ਦਾ ਖਾਤਮਾ, ਚੰਗੀ ਸਿਹਤ !

**ਰਵੀ**:ਨੌਂ ਵਿੱਚੋਂ ਇੱਕ ਹੈ ਕੁਪੋਸ਼ਣ ਦਾ ਸ਼ਿਕਾਰ, ਰਹਿੰਦੇ ਨੇ ਜਿਨ੍ਹਾਂ ਵਿੱਚੋਂ ਬਹੁਤੇ ਵਿਕਾਸਸ਼ੀਲ ਦੇਸਾਂ ਦੇ ਵਿੱਚਕਾਰ !

**ਰੀਟਾ**:ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਹਰ ਸਾਲ ਅੱਧੀਆਂ ਮੌਤਾਂ (31 ਲੱਖ) ਹੁੰਦੀਆਂ ਨੇ ਕੁਪੋਸ਼ਣ ਕਾਰਨ !

**ਰਵੀ**:ਜਰਾ ਸੋਚੋ ਤਾਂ ਸਹੀ ਕਿ ਜਦ ਇਹ ਨਿਸ਼ਾਨੇ ਪੂਰੇ ਹੋ ਗਏ ਤਾਂ ਕਿੰਨਾ ਪਵੇਗਾ ਫਰਕ !

**ਰੀਟਾ**: ਇਨ੍ਹਾਂ ਨਿਸ਼ਾਨਿਆਂ ਵਿੱਚ ਤਾਂ ਸਾਫ ਪਾਣੀ, ਪਖਾਨਿਆਂ ਦੀ ਸੁਵਿਧਾ, ਪਰੋਖੋ ਵਿੱਚ ਆਉਣ ਵਾਲੀ ਸਾਫ ਊਰਜਾ, ਤੇ ਮਲੀਨਤਾ ਮੁਕਤ ਸਾਗਰ ਤੇ ਧਰਤੀ ਵੀ ਸ਼ਾਮਲ ਨੇ !

**ਰਵੀ**: ਨਾਲ ਹੀ ਉਪਯੁਕਤ ਰੁਜਗਾਰ ਤੇ ਆਰਥਕ ਵਿਕਾਸ, ਨਵੀਆਂ ਕਾਢਾਂ, ਅਸਮਾਨਤਾ ਘਟਾਉਣਾ, ਟਿਕਾਊ ਸ਼ਹਿਰ, ਜਿੰਮੇਵਾਰੀ ਭਰਪੂਰ ਖਪਤ, ਜਲਵਾਯੂ ਲਈ ਸਰਗਰਮੀਆਂ !

**ਰੀਟਾ**: ਇਨ੍ਹਾਂ ਵਿੱਚ ਤਾਂ ਟਿਕਾਊ ਉਤਪਾਦਨ ਤੇ ਖਪਤ ‘ਤੇ ਵੀ ਕੀਤਾ ਹੈ ਧਿਆਨ ਕੇਂਦਰਤ ! ਪਰ ਪ੍ਰਸ਼ਨ ਹੈ ਕਿ ਇਹ ਸਾਰਾ ਕੁੱਝ ਹੋਵੇਗਾ ਕਿਵੇਂ ? ਕਰੇਗਾ ਕੌਣ ?

……………………………………..**ਦ੍ਰਿਸ਼ ਬਦਲਾਅ ਸੰਗੀਤ**……………………………………

**ਔਰਤ ਸੂਤਰਧਾਰ**: ( ਧਰਤੀ ਮਾਂ ) ਵਿਗਿਆਨ ਦਾ ਸਦ ਉਪਯੋਗ, ਸੱਭ ਤੋਂ ਕਾਰਗਾਰ ਹੈ ਇੱਕ ਹਥਿਆਰ ! ਟਿਕਾਊ ਵਿਕਾਸ ਦੇ ਟੀਚੇ ਉਹ ਨੇ ਜਿਹੜੇ ਕਰਦੇ ਨੇ ਪ੍ਰਭਾਵਤ ਤੁਹਾਡੇ ਸੱਭ ਦੇ ਜੀਵਣ ਨੂੰ ! ਤੇ ਇਨ੍ਹਾਂ ਦੀ ਪ੍ਰਾਪਤੀ ਵੀ ਹੋਣੀ ਹੈ ਤੁਹਾਡੀ ਸਭ ਦੀ ਸਰਗਰਮ ਸ਼ਮੂਲੀਅਤ ਨਾਲ ! ਸ਼ਮੂਲੀਅਤ ਦੀ ਲੋੜ ਹੈ ਪਿਆਰੇ ਬੱਚਿਓ ! ਮੇਰੇ ਉਪਰ , ਇੱਕ ਟਿਕਾਊ, ਸੁਰੱਖਿਅਤ, ਤੇ ਜਿਆਦਾ ਖੁਸ਼ਹਾਲ ਮਨੁਖਤਾ ਦੀ ਸਦੀਵੀ ਹੋਂਦ ਦੇ ਲਈ ।

**ਰਵੀ**: ਮਾਂ ! ਸੰਯੁਕਤ ਰਾਸਟਰ ਸੰਘ ਦੇ ਸਕੱਤਰ ਜਨਰਲ ‘**ਬਾਨ ਕੀ ਮੂਨ**’ ਦੇ ਕੀ ਨੇ ਕਥਨ ਇਨ੍ਹਾਂ ਟੀਚਿਆਂ ਬਾਬਤ !

**ਮਾਂ:** ਟਿਕਾਊ ਵਿਕਾਸ ਦੇ 17 ਟੀਚੇ ਸਾਡਾ ਮਨੁਖਤਾ ਬਾਬਤ ਸਾਂਝਾ ਵਿਚਾਰ ਹੈ ਤੇ ਇਹ ਸੰਸਾਰ ਦੇ ਆਗੂਆਂ ਤੇ ਲੁਕਾਈ ਵਿਚਕਾਰ ਇੱਕ ਸਮਾਜਕ ਸਮਝੌਤਾ ਤੇ ਅਹਿਦ ਹੈ । ਉਨ੍ਹਾਂ ਨੇ ਇਹ ਕਰਨਾ ਹੀ ਹੈ ਲੋਕਾਂ ਅਤੇ ਧਰਤ ਗ੍ਰਹਿ ਦੇ ਲਈ ! ਤਿਆਰ ਹੈ ਇੱਕ ਮਸੌਦਾ ਸਫਲਤਾ ਦੇ ਵਾਸਤੇ !

**ਔਰਤ ਸੂਤਰਧਾਰ:** ( ਧਰਤੀ ਮਾਂ ) ਮੈਨੂੰ ਲੱਗਦਾ ਹੈ ਕਿ ਮਹਾਤਮਾ ਗਾਂਧੀ ਆਪਣੇ ਸਮਿਆਂ ਤੋਂ ਕਾਫੀ ਅੱਗੇ ਦੀ ਸੋਚਦੇ ਸਨ , ਤੁਹਾਨੂੰ ਯਾਦ ਹੋਵੇਗਾ ਉਨ੍ਹਾਂ ਦਾ ਕਥਨ , " ਧਰਤੀ ਕੋਲ ਸਾਰਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਤਾਂ ਵਾਫਰ ਨੇ ਸ੍ਰੋਤ, ਪਰ ਹਰੇਕ ਦੀ ਲਾਲਸਾ ਨਹੀਂ ਕੀਤੀ ਜਾ ਸਕਦੀ ਪੂਰੀ"!

**ਰੀਟਾ:** ਪਰ ਲੋੜ ਤੇ ਲਾਲਚ ਵਿੱਚ ਅੰਤਰ ਕਿਵੇਂ ਲਗੂ ਪਤਾ ? ਕੌਣ ਕਰੇਗਾ ਨਿਰਧਾਰਤ ਲੋੜ ਜਾਂ ਲਾਲਸਾ ?

**ਮਰਦ ਸੂਤਰਧਾਰ:**ਬਹੁਤ ਆਸਾਨ! ਲੋੜ ਉਹ ਜਿਸ ਬਿਨਾ ਜਿੰਦਾ ਨਹੀਂ ਰਿਹਾ ਜਾ ਸਕਦਾ! ਜਿਵੇਂ ਪਾਣੀ ਹਵਾ ਤੇ ਭੋਜਨ !

**ਮਾਂ:** ਇੱਛਾ ਉਹ ਜਿਸ ਬਿਨਾ ਜਿੰਦਾ ਰਿਹਾ ਜਾ ਸਕਦਾ ਹੈ , ਪਰ ਤੁਸੀਂ ਫਿਰ ਵੀ ਚਾਹੁੰਦੇ ਹੋ ਪ੍ਰਾਪਤ ਕਰਨਾ !

**ਰੀਟਾ ਤੇ ਰਵੀ:**(ਹਸਦੇ ਹੋਏ) ਜਦ ਸਾਡੀਆਂ ਇਛਾਵਾਂ ਹੱਦੋਂ ਵਧਦੀਆਂ ਜਾਂਦੀਆਂ ਹਨ ਤਾਂ ਇਹ ਬਣ ਜਾਂਦੀਆਂ ਨੇ ਲਾਲਚ

**ਮਰਦ ਸੂਤਰਧਾਰ:** ਤੇ ਲਾਲਚ ਹੈ ਟਿਕਾਊ ਵਿਕਾਸ ਦਾ ਦੁਸ਼ਮਨ !

**ਮਾਂ:** ਸੰਸਾਰ ਦੇ ਆਗੂ ਵਿਅਕਤੀਗਤ ਲਾਲਚ ਤੇ ਕਈ ਦੇਸ਼ਾਂ ਦੇ ਗੈਰ ਟਿਕਾਊ ਵਿਕਾਸ ਵੱਲੋਂ ਲਿਆਂਦੇ ਸੰਕਟ ਪ੍ਰਤੀ ਹੋ ਗਏ ਨੇ ਚੇਤੰਨ! ਉਹ ਸਮਝਾ ਰਹੇ ਨੇ ਸਕੂਲੀ ਬੱਚਿਆਂ ਨੂੰ, ਜੋ ਅਗਲੀਆਂ ਪੀੜ੍ਹੀਆਂ ਦੇ ਆਗੂ ਵੀ ਨੇ ਤੇ ਨਾਗਰਿਕ ਵੀ!

**ਮਰਦ ਸੂਤਰਧਾਰ:** ਅਜੇ ਵੀ ਕੋਈ ਬਹੁਤੀ ਦੇਰ ਨਹੀਂ ਹੋਈ !

**ਰਵੀ ਤੇ ਰੀਟਾ :** ਨਹੀਂ ਜੀ ! ਸਾਨੂੰ ਪੂਰੀ ਉਮੀਦ ਹੈ ਕਿ ਅਸੀਂ 2030 ਦੇ ਟਿਕਾਊ ਵਿਕਾਸ ਦੇ ਟੀਚੇ ਪੂਰੇ ਕਰ ਲਵਾਂਗੇ

**ਔਰਤ ਸੂਤਰਧਾਰ:** (ਧਰਤੀ ਮਾਂ ) ਕਰਨੇ ਹੀ ਪੈਣੇ ਨੇ ! ਅਸਫਲਤਾ ਵਾਲਾ ਤਾਂ ਵਿਕਲਪ ਹੀ ਨਹੀਂ ਬਚਿਆ ਤੁਹਾਡੇ ਕੋਲ

**ਸਮਾਪਤੀ ਸੰਗੀਤ**

**ਵਿਗਿਆਨ ਪ੍ਰਸ਼ਨੋਤਰੀ**

**ਪ੍ਰਸ਼ਨ1.** ਟਿਕਾਊ ਵਿਕਾਸ ਦੀ ਕਿਹੜੀ ਹੈ ਤਿਪਾਈ ?

ਉੱਤਰ: ਪਹਿਲਾ ਹੈ ਸਮਾਜਕ ਮੁਦਿਆਂ ਤੇ ਗਿਆਨ , ਦੂਜੇ ਵੇਖਣੇ ਪੈਣੇ ਨੇ ਆਰਥਕ ਪ੍ਰਾਵਾਧਾਨ ਤੇ ਤੀਜੇ ਹੈ ਪਰਿਆਵਰਣ ਦਾ ਸਨਮਾਨ

**ਪ੍ਰਸ਼ਨ2.** ਪਰਿਆਵਰਣ ਦੀ ਸੁਰੱਖਿਆ ਬਾਬਤ ਪਹਿਲਾ ਅੰਤਰ ਰਾਸਟਰੀ ਸੰਮੇਲਣ ਕਦ ਹੋਇਆ ਤੇ ਕਿਨ੍ਹਾਂ ਦੇਸ਼ਾਂ ਦੇ ਮੁਖੀਆਂ ਨੇ ਲਿਆ ਹਿੱਸਾ ?

ਉੱਤਰ: 5 ਤੋਂ 16 ਜੂਨ 1972, ਸਟਾਕਹੋਮ ( ਸਵੀਡਨ) ਵਿਖੇ , ਸਵੀਡਨ ਦੇ ਸ੍ਰੀ ਓਡਲਫ ਪਾਮੇ ਤੇ ਭਾਰਤ ਦੀ ਸ੍ਰੀਮਤੀ ਇੰਦਰਾ ਗਾਂਧੀ ਨੇ !